ਵੀਰਵਾਰ, 11 ਜੂਨ, 2026
28 ਜੇਠ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 10

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • THURSDAY, 11 JUNE, 2026 ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਨੀਟ ਪ੍ਰੀਖਿਆਰਥੀਆਂ ਲਈ ਫ੍ਰੀ ਬੱਸ ਸੇਵਾ

## 156 ਜੇ ਈ ਤੇ 1013 ਲੈਕਚਰਾਰ ਰੱਖਣ ਦੀ ਵੀ ਕੈਬਨਿਟ ਵੱਲੋਂ ਹਰੀ ਝੰਡੀ



**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ, ਕ੍ਰਿਸ਼ਨ ਗਰਗ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਬੁੱਧਵਾਰ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਅਤੇ ਸੂਬੇ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਬਾਰੇ ਕਈ ਅਹਿਮ ਫੈਸਲੇ ਲਏ ਗਏ। ਮੀਟਿੰਗ ਤੋਂ ਬਾਅਦ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਦੇਸ਼ ਵਿੱਚ ਜਦੋਂ ਤੋਂ ਭਾਜਪਾ ਦੀ ਸਰਕਾਰ ਆਈ ਹੈ, ਉਦੋਂ ਤੋਂ ਹੀ ਕੌਮੀ ਪੱਧਰ ਅਤੇ ਭਾਜਪਾ ਸ਼ਾਸਤ ਸੂਬਿਆਂ ਵਿੱਚ ਪੇਪਰ ਲੀਕ ਹੋ ਰਹੇ ਹਨ ਅਤੇ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਭਾਜਪਾ ਦੇ ਰਾਜ ਵਿੱਚ ਦੇਸ਼ 'ਚ 29 ਪੇਪਰ ਲੀਕ ਹੋਏ ਹਨ। ਕੁਝ ਦਿਨ ਪਹਿਲਾਂ ਨੀਟ ਦਾ ਪੇਪਰ ਲੀਕ ਹੋਇਆ ਹੈ, ਜਿਸ ਕਰਕੇ ਕਈ ਥਾਵਾਂ 'ਤੇ ਬੱਚਿਆਂ ਨੇ ਖੁਦਕੁਸ਼ੀਆਂ ਕਰ ਲਈਆਂ ਹਨ। ਚੀਮਾ ਨੇ ਕਿਹਾ ਕਿ 20, 21 ਤੇ 22 ਜੂਨ ਨੂੰ ਦੁਬਾਰਾ ਨੀਟ ਦਾ ਪੇਪਰ ਹੋਵੇਗਾ। ਪੰਜਾਬ ਸਰਕਾਰ ਵੱਲੋਂ ਤਿੰਨੇ ਦਿਨ ਨੀਟ ਦੀ ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ ਤੋਂ ਸਰਕਾਰੀ ਬੱਸਾਂ ਵਿੱਚ ਕਿਰਾਇਆ ਨਹੀਂ ਲਿਆ ਜਾਵੇਗਾ। ਇਸ ਦੇ ਨਾਲ ਹੀ ਵਿਦਿਆਰਥੀ ਦੇ ਨਾਲ ਆਉਣ ਵਾਲੇ ਨਿਗਰਾਨ (ਮਾਪੇ/ਸਰਪ੍ਰਸਤ) ਦਾ ਵੀ ਕਿਰਾਇਆ ਮੁਆਫ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਪੰਜਾਬ ਵਿੱਚੋਂ 28 ਹਜ਼ਾਰ ਵਿਦਿਆਰਥੀ ਇਸ ਪ੍ਰੀਖਿਆ ਵਿੱਚ ਹਿੱਸਾ ਲੈਣਗੇ, ਜਿਨ੍ਹਾਂ ਨੂੰ ਸਰਕਾਰ ਦੇ ਇਸ ਫੈਸਲੇ ਦਾ ਲਾਭ ਮਿਲੇਗਾ।

ਚੀਮਾ ਨੇ ਕਿਹਾ ਕਿ 'ਆਪ' ਸਰਕਾਰ ਵੱਲੋਂ ਸੱਤਾ ਵਿੱਚ ਆਉਣ ਤੋਂ ਬਾਅਦ ਪਹਿਲੇ ਦਿਨ ਤੋਂ ਹੀ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਜਾ ਰਿਹਾ ਹੈ। ਇਸੇ ਤਰ੍ਹਾਂ ਮੰਤਰੀ ਮੰਡਲ ਨੇ ਪੀ ਡਬਲਿਊ ਡੀ ਵਿਭਾਗ ਦੇ ਸੜਕ ਨਿਰਮਾਣ ਵਿੰਗ ਵਿੱਚ 156 ਜੂਨੀਅਰ ਇੰਜੀਨੀਅਰਾਂ ਦੀਆਂ ਅਸਾਮੀਆਂ ਭਰਨ ਦੀ ਪ੍ਰਵਾਨਗੀ ਦਿੱਤੀ ਹੈ। ਲੰਮੇ ਸਮੇਂ ਤੋਂ ਲੈਕਚਰਾਰਾਂ ਦੀ ਭਰਤੀ ਨਹੀਂ ਕੀਤੀ ਗਈ ਹੈ, ਜਿਸ ਕਰਕੇ ਲੈਕਚਰਾਰ ਦੀਆਂ ਅਸਾਮੀਆਂ ਦੇ ਉਮੀਦਵਾਰ ਓਵਰ-ਏਜ ਹੋ ਗਏ ਹਨ। ਇਸ ਲਈ ਸਰਕਾਰ ਵੱਲੋਂ ਸੂਬੇ ਵਿੱਚ 1013 ਪੰਜਾਬ ਲੈਕਚਰਾਰ ਕਾਡਰ ਦੀਆਂ ਅਸਾਮੀਆਂ ਭਰਨ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ। ਇਸ ਦੇ ਨਾਲ ਹੀ ਇਨ੍ਹਾਂ ਅਸਾਮੀਆਂ ਲਈ ਉਮੀਦਵਾਰਾਂ ਨੂੰ ਉਮਰ ਵਿੱਚ 5 ਸਾਲ ਦੀ ਛੋਟ ਮਿਲੇਗੀ। ਪੰਜਾਬ ਵਿੱਚ ਮੌਨਸੂਨ ਦੀ ਆਮਦ ਨੂੰ ਵੇਖਦਿਆਂ ਕਈ ਥਾਵਾਂ 'ਤੇ ਡੀ-ਸਿਲਟਿੰਗ ਦਾ ਕੰਮ ਹੋਣ ਵਾਲਾ ਹੈ। ਡਿਪਟੀ ਕਮਿਸ਼ਨਰਾਂ ਨੂੰ ਆਪਣੇ ਪੱਧਰ 'ਤੇ ਲੋੜੀਂਦੀਆਂ ਥਾਵਾਂ 'ਤੇ ਡੀ-ਸਿਲਟਿੰਗ ਕਰਵਾਉਣ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ, ਤਾਂ ਜੋ ਲੋਕਾਂ ਨੂੰ ਹੜ੍ਹਾਂ ਕਰਕੇ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ।

# ਬਿਜਲੀ ਦੀ ਮੰਗ 16130 ਮੈਗਾਵਾਟ ਤੱਕ ਪੁੱਜੀ

**ਪਟਿਆਲਾ (ਨ ਜ਼ ਸ)** - ਪੰਜਾਬ ਵਿੱਚ ਬਿਜਲੀ ਦੀ ਮੰਗ ਬੁੱਧਵਾਰ 16130 ਮੈਗਾਵਾਟ ਨੂੰ ਪਾਰ ਕਰ ਗਈ। ਮੰਗਲਵਾਰ ਮੰਗ 15400 ਮੈਗਾਵਾਟ ਸੀ ਜੂਨ ਵਿੱਚ ਪਹਿਲੀ ਵਾਰ ਲੂ ਅਤੇ ਵਧਦੇ ਦਿਨ ਦੇ ਤਾਪਮਾਨ ਦੇ ਵਿਚਕਾਰ ਬਿਜਲੀ ਦੀ ਏਨੀ ਮੰਗ ਵਧੀ ਹੈ। ਹਾਲਾਂਕਿ, ਆਉਣ ਵਾਲੇ ਤਿੰਨ ਦਿਨਾਂ ਵਿੱਚ ਮੀਂਹ ਦੀ ਭਵਿੱਖਬਾਣੀ ਨਾਲ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ ਐੱਸ ਪੀ ਸੀ ਐੱਲ) ਨੂੰ ਕੁਝ ਰਾਹਤ ਮਿਲ ਸਕਦੀ ਹੈ। ਮੰਗ ਵਧਣ ਕਾਰਨ ਸੂਬੇ ਦੇ ਕੁਝ ਹਿੱਸਿਆਂ ਵਿੱਚ ਅਣਐਲਾਨੇ ਬਿਜਲੀ ਕੱਟ ਲੱਗੇ। ਪਿਛਲੇ ਸਾਲ 10 ਜੂਨ ਨੂੰ ਵੱਧ ਤੋਂ ਵੱਧ ਮੰਗ 16192 ਮੈਗਾਵਾਟ ਸੀ। ਬੁੱਧਵਾਰ ਦੁਪਹਿਰ ਨੂੰ ਪੰਜਾਬ ਦਾ ਆਪਣਾ ਕੁੱਲ ਉਤਪਾਦਨ 5286 ਮੈਗਾਵਾਟ ਤੋਂ ਵੱਧ ਸੀ। ਸੂਬਾ ਦਿਨ ਵੇਲੇ ਸਸਤੀ ਸੂਰਜੀ ਬਿਜਲੀ ਖਰੀਦ ਰਿਹਾ ਸੀ। ਰੋਪੜ ਦੇ ਦੋ ਅਤੇ ਗੋਇੰਦਵਾਲ ਦਾ ਇੱਕ ਥਰਮਲ ਯੂਨਿਟ ਤਕਨੀਕੀ ਖਰਾਬੀ ਕਾਰਨ ਬੰਦ ਹਨ। ਸੂਬਾ ਸੈਕਟਰ ਦੇ ਥਰਮਲ ਯੂਨਿਟਾਂ ਦਾ ਉਤਪਾਦਨ 1336 ਮੈਗਾਵਾਟ ਸੀ ਅਤੇ ਨਿੱਜੀ ਸੈਕਟਰ ਨੇ 2783 ਮੈਗਾਵਾਟ ਉਤਪਾਦਨ ਕੀਤਾ। ਰਣਜੀਤ ਸਾਗਰ ਦੇ ਦੋ ਯੂਨਿਟ ਚੱਲ ਰਹੇ ਹਨ। ਸੂਬੇ ਵਿੱਚ ਸੂਰਜੀ ਊਰਜਾ 444 ਮੈਗਾਵਾਟ ਪੈਦਾ ਕਰ ਰਹੀ ਸੀ। ਦੁਪਹਿਰੇ ਨਾਰਦਰਨ ਗਰਿੱਡ ਤੋਂ ਬਿਜਲੀ ਲੈਣ ਦਾ ਸ਼ਡਿਊਲ 10558 ਮੈਗਾਵਾਟ ਸੀ। ਜਿਵੇਂ-ਜਿਵੇਂ ਝੋਨੇ ਦੀ ਲਵਾਈ ਦਾ ਸ਼ਡਿਊਲ ਆਪਣੇ ਅੰਤਮ ਪੜਾਅ ਵਿੱਚ ਦਾਖਲ ਹੋਇਆ ਹੈ, ਪਿਛਲੇ ਤਿੰਨ ਦਿਨਾਂ ਵਿੱਚ ਬਿਜਲੀ ਦੀ ਮੰਗ ਵਿੱਚ 2000 ਮੈਗਾਵਾਟ ਤੋਂ ਵੱਧ ਦਾ ਵਾਧਾ ਹੋਇਆ ਹੈ।

# ਅਮਰੀਕਾ ਤੇ ਈਰਾਨ ਮੁੜ ਭਿੜ ਪਏ

**ਵਾਸ਼ਿੰਗਟਨ (ਨ ਜ਼ ਸ)** - ਅਮਰੀਕਾ ਨੇ ਹਾਰਮੁਜ਼ ਜਲਡਮਰੂ ਦੇ ਆਲੇ-ਦੁਆਲੇ ਈਰਾਨੀ ਟਿਕਾਣਿਆਂ 'ਤੇ ਹਮਲੇ ਕੀਤੇ, ਜਿਸ ਬਾਰੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਇਹ ਈਰਾਨ ਵੱਲੋਂ ਇੱਕ ਅਮਰੀਕੀ ਅਪਾਚੇ ਹੈਲੀਕਾਪਟਰ ਨੂੰ ਡੇਗਣ ਦਾ ਬਦਲਾ ਸੀ।

ਇਸ ਤੋਂ ਬਾਅਦ, ਈਰਾਨ ਨੇ ਸਖ਼ਤ ਜਵਾਬ ਦੇਣ ਦੀ ਸਹੁੰ ਖਾਧੀ ਅਤੇ ਕਿਹਾ ਕਿ ਉਸਨੇ ਜਾਰਡਨ, ਕੁਵੈਤ ਅਤੇ ਬਹਿਰੀਨ ਵਿੱਚ ਅਮਰੀਕੀ ਫੌਜੀ ਠਿਕਾਣਿਆਂ 'ਤੇ ਮਿਜ਼ਾਈਲ ਅਤੇ ਡਰੋਨ ਹਮਲੇ ਕੀਤੇ ਹਨ। ਇਸੇ ਦੌਰਾਨ ਟਰੰਪ ਨੇ ਚੇਤਾਵਨੀ ਦਿੱਤੀ ਕਿ ਈਰਾਨ ਨੇ ਇੱਕ ਅਜਿਹੇ ਸਮਝੌਤੇ 'ਤੇ ਗੱਲਬਾਤ ਕਰਨ ਵਿੱਚ ਬਹੁਤ ਸਮਾਂ ਲਿਆ ਹੈ, ਜੋ ਉਸ ਲਈ ਬਹੁਤ ਵਧੀਆ ਹੁੰਦਾ। ਹੁਣ ਈਰਾਨ ਨੂੰ ਕੀਮਤ ਚੁਕਾਉਣੀ ਪਵੇਗੀ।

ਈਰਾਨੀ ਮੀਡੀਆ ਨੇ ਕਿਹਾ ਹੈ ਕਿ ਹਾਰਮੁਜ਼ ਜਲਡਮਰੂ ਦੇ ਨੇੜੇ ਈਰਾਨ ਦੇ ਦੱਖਣੀ ਤੱਟ 'ਤੇ ਲੜੀਵਾਰ ਧਮਾਕਿਆਂ ਤੋਂ ਬਾਅਦ, ਸਥਿਤੀ ਹੁਣ ਸ਼ਾਂਤ ਹੋਣ ਦੀ ਰਿਪੋਰਟ ਹੈ। ਡਿਜੀਟਲ ਨਿਊਜ਼ ਆਉਟਲੈਟ ਐਕਸੀਓਸ ਨੇ ਰਿਪੋਰਟ ਦਿੱਤੀ ਹੈ ਕਿ ਅਮਰੀਕੀ ਬਲਾਂ ਨੇ ਜਲਡਮਰੂ ਦੇ ਆਲੇ-ਦੁਆਲੇ ਕਈ ਈਰਾਨੀ ਹਵਾਈ ਰੱਖਿਆ ਪ੍ਰਣਾਲੀਆਂ ਅਤੇ ਰਾਡਾਰ ਪ੍ਰਣਾਲੀਆਂ 'ਤੇ ਹਮਲਾ ਕੀਤਾ ਹੈ।

ਹਮਲੇ ਤੋਂ ਬਾਅਦ, ਈਰਾਨ ਦੇ ਵਿਦੇਸ਼ ਮੰਤਰੀ, ਅੱਬਾਸ ਅਰਾਘਚੀ ਨੇ ਬਦਲਾ ਲੈਣ ਦੀ ਧਮਕੀ ਦਿੰਦਿਆਂ ਕਿਹਾ,"ਜੰਗ ਦੇ ਮੈਦਾਨ ਵਿੱਚ ਆਪਣੀਆਂ ਹਾਰਾਂ ਦੇ ਬਾਵਜੂਦ, ਅਮਰੀਕਾ ਨੇ ਸਾਡੇ ਦ੍ਰਿੜ੍ਹ ਇਰਾਦੇ ਦੀ ਪਰਖ ਕਰਨ ਦਾ ਫੈਸਲਾ ਕੀਤਾ। ਸਾਡੀਆਂ ਸ਼ਕਤੀਸ਼ਾਲੀ ਹਥਿਆਰਬੰਦ ਫੌਜਾਂ ਕਿਸੇ ਵੀ ਹਮਲੇ ਜਾਂ ਧਮਕੀ ਨੂੰ ਬਿਨਾਂ ਜਵਾਬ ਦਿੱਤੇ ਨਹੀਂ ਛੱਡਣਗੀਆਂ। ਜੇ ਤੁਸੀਂ ਸੁਰੱਖਿਅਤ ਰਹਿਣਾ ਚਾਹੁੰਦੇ ਹੋ ਤਾਂ ਸਾਡਾ ਖੇਤਰ ਛੱਡ ਦਿਓ।"

ਅਮਰੀਕੀ ਹਮਲੇ ਟਰੰਪ ਦੇ ਉਸ ਬਿਆਨ ਤੋਂ ਕੁਝ ਘੰਟੇ ਬਾਅਦ ਹੀ ਹੋਏ ਹਨ, ਜਿਸ ਵਿੱਚ ਉਨ੍ਹਾ ਕਿਹਾ ਸੀ ਕਿ ਪੱਛਮੀ ਏਸ਼ੀਆ ਯੁੱਧ ਨੂੰ ਖਤਮ ਕਰਨ ਲਈ ਗੱਲਬਾਤ ਆਪਣੇ ਆਖਰੀ ਪੜਾਅ ਵਿੱਚ ਹੈ। ਇਹ ਦਾਅਵਾ ਉਹ ਪਿਛਲੇ ਕੁਝ ਹਫਤਿਆਂ ਵਿੱਚ ਵਾਰ-ਵਾਰ ਕਰ ਚੁੱਕੇ ਹਨ।

### 'ਆਪ' ਦੀ ਅੱਜ ਤੇ ਭਲਕੇ ਅਹਿਮ ਮੀਟਿੰਗ

**ਨਵੀਂ ਦਿੱਲੀ (ਨ ਜ਼ ਸ)** : ਆਮ ਆਦਮੀ ਪਾਰਟੀ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਦੀ ਦੋ ਦਿਨਾ ਅਹਿਮ ਮੀਟਿੰਗ 11 ਜੂਨ ਨੂੰ ਨਵੀਂ ਦਿੱਲੀ ਸ਼ੁਰੂ ਹੋਵੇਗੀ, ਜਿਸ 'ਚ ਅਰਵਿੰਦ ਕੇਜਰੀਵਾਲ ਦੇ ਨਾਲ ਮੁੱਖ ਮੰਤਰੀ ਭਗਵੰਤ ਮਾਨ ਵੀ ਸ਼ਾਮਲ ਹੋਣਗੇ। ਮੀਟਿੰਗ ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਬਾਰੇ ਵਿਸਥਾਰ ਵਿੱਚ ਚਰਚਾ ਹੋਵੇਗੀ।

# ਫੁੱਟਬਾਲ ਵਿਸ਼ਵ ਕੱਪ ਦੀ ਤਿੰਨ ਦੇਸ਼ਾਂ 'ਚ ਤਿੰਨ ਮੈਚਾਂ ਨਾਲ ਸ਼ੁਰੂਆਤ



ਮੈਕਸੀਕੋ ਸਿਟੀ ਸਟੇਡੀਅਮ, ਜੋ ਕਿ ਪਹਿਲਾਂ ਐਸਟਾਡੀਓ ਐਜ਼ਟੇਕਾ ਵਜੋਂ ਜਾਣਿਆ ਜਾਂਦਾ ਸੀ।

**ਨਿਊ ਯਾਰਕ (ਨ ਜ਼ ਸ)**

2026 ਦਾ ਵਿਸ਼ਵ ਫੁੱਟਬਾਲ ਕੱਪ ਟੂਰਨਾਮੈਂਟ 11 ਜੂਨ ਨੂੰ ਤਿੰਨ ਮੇਜ਼ਬਾਨ ਦੇਸ਼ਾਂ ਅਮਰੀਕਾ, ਕੈਨੇਡਾ ਤੇ ਮੈਕਸੀਕੋ ਵਿੱਚ ਤਿੰਨ ਮੈਚਾਂ ਨਾਲ ਸ਼ੁਰੂ ਹੋਵੇਗਾ। ਜਦੋਂ ਕਿ ਅਮਰੀਕਾ ਨੇ 1994 ਅਤੇ ਮੈਕਸੀਕੋ ਨੇ 1970 ਤੇ 1986 ਵਿੱਚ ਟੂਰਨਾਮੈਂਟ ਦੀ ਮੇਜ਼ਬਾਨੀ ਕੀਤੀ ਸੀ, ਕੈਨੇਡਾ ਪਹਿਲੀ ਵਾਰ ਇਸ ਮੁਕਾਬਲੇ ਦੀ ਮੇਜ਼ਬਾਨੀ ਕਰੇਗਾ। ਇਸ ਵਿਸ਼ਵ ਕੱਪ ਵਿੱਚ 16 ਸ਼ਹਿਰਾਂ ਵਿੱਚ ਰਿਕਾਰਡ 104 ਮੈਚ ਹੋਣਗੇ। ਟੂਰਨਾਮੈਂਟ 11 ਜੂਨ ਨੂੰ ਮੈਕਸੀਕੋ ਵਿੱਚ ਹੋਣ ਵਾਲੇ ਉਦਘਾਟਨੀ ਮੈਚ ਤੋਂ ਲੈ ਕੇ 19 ਜੁਲਾਈ ਨੂੰ ਨਿਊਯਾਰਕ ਵਿੱਚ ਹੋਣ ਵਾਲੇ ਫਾਈਨਲ ਤੱਕ ਚੱਲੇਗਾ। ਟੂਰਨਾਮੈਂਟ ਦੇ ਪਹਿਲੇ ਮੈਚ ਵਿੱਚ ਮੈਕਸੀਕੋ ਦਾ ਸਾਹਮਣਾ ਦੱਖਣੀ ਅਫਰੀਕਾ ਨਾਲ ਹੋਵੇਗਾ, ਜੋ ਕਿ ਮੈਕਸੀਕੋ ਸਿਟੀ ਵਿੱਚ ਉਦਘਾਟਨੀ ਸਮਾਰੋਹ ਤੋਂ ਬਾਅਦ ਹੋਵੇਗਾ। ਕੈਨੇਡਾ ਟੋਰਾਂਟੋ ਵਿੱਚ ਬੋਸਨੀਆ ਤੇ ਹਰਜ਼ੇਗੋਵਿਨਾ ਵਿਰੁੱਧ ਖੇਡੇਗਾ। ਲਾਸ ਏਂਜਲਸ ਵਿੱਚ ਜਸ਼ਨ ਤੋਂ ਬਾਅਦ ਅਮਰੀਕਾ ਆਪਣੇ ਪਹਿਲੇ ਮੈਚ ਵਿੱਚ ਪੈਰਾਗੁਏ ਨਾਲ ਭਿੜੇਗਾ।

# ਟਰਾਂਸਪੋਰਟ ਕਾਮਿਆਂ ਦੀ ਹੜਤਾਲ ਖ਼ਤਮ

**ਚੰਡੀਗੜ੍ਹ (ਰੈਕਟਰ ਕਥੂਰੀਆ)** ਟਰਾਂਸਪੋਰਟ ਸਕੱਤਰ ਵਰੁਣ ਰੂਜ਼ਮ ਨਾਲ ਗੱਲਬਾਤ ਤੋਂ ਬਾਅਦ ਪੰਜਾਬ ਰੋਡਵੇਜ਼ ਅਤੇ ਪਨਬੱਸ ਮੁਲਾਜ਼ਮਾਂ ਨੇ ਹੜਤਾਲ ਵਾਪਸ ਲੈ ਲਈ।ਕਿਲੋਮੀਟਰ ਸਕੀਮ ਤਹਿਤ ਨਿੱਜੀ ਬੱਸਾਂ ਨੂੰ ਸ਼ਾਮਲ ਕਰਨ ਦੇ ਵਿਰੋਧ ਵਿੱਚ ਸ਼ੁਰੂ ਹੋਈ ਇਹ ਹੜਤਾਲ ਹੋਰ ਤੇਜ਼ ਹੋਣ ਦੀ ਉਮੀਦ ਸੀ, ਕਿਉਂਕਿ ਪੀ ਆਰ ਟੀ ਸੀ ਕੰਟਰੈਕਟ ਡਰਾਈਵਰ ਅਤੇ ਕੰਡਕਟਰ ਵੀ ਹੜਤਾਲ ਵਿੱਚ ਸ਼ਾਮਲ ਹੋ ਰਹੇ ਸਨ।ਇਹ ਹੜਤਾਲ ਪੰਜਾਬ ਰੋਡਵੇਜ਼, ਪਨਬੱਸ ਅਤੇ ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ (ਪੰਜਾਬ) ਦੇ ਬੈਨਰ ਹੇਠ ਉਲੀਕੀ ਗਈ ਸੀ।ਜਲੰਧਰ ਡਿਪੂ-1 ਦੇ ਯੂਨੀਅਨ ਪ੍ਰਧਾਨ ਬਿਕਰਮ ਸਿੰਘ ਨੇ ਕਿਹਾ, ਹੜਤਾਲ ਅਸਲ ਵਿੱਚ 22 ਤੋਂ 24 ਜੂਨ ਤੱਕ ਹੋਣੀ ਸੀ, ਪਰ ਇਸਨੂੰ ਪਹਿਲਾਂ ਹੀ ਸ਼ੁਰੂ ਕਰ ਦਿੱਤਾ ਗਿਆ ਕਿਉਂਕਿ ਮੰਗਲਵਾਰ ਨੂੰ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਚੰਡੀਗੜ੍ਹ ਤੋਂ ਦਿੱਲੀ ਹਵਾਈ ਅੱਡੇ ਦੇ ਰੂਟ 'ਤੇ ਪਨਬੱਸ ਕਿਲੋਮੀਟਰ ਸਕੀਮ ਅਧੀਨ ਚੱਲਣ ਵਾਲੀਆਂ ਪੰਜ ਵੋਲਵੋ ਬੱਸਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।ਉਨ੍ਹਾਂ ਨੇ ਕਿਹਾ ਕਿ ਇਸ ਨੂੰ ਸਰਕਾਰੀ ਟਰਾਂਸਪੋਰਟ ਖੇਤਰ ਦੇ ਨਿੱਜੀਕਰਨ ਵੱਲ ਇੱਕ ਕਦਮ ਵਜੋਂ ਦੇਖਦਿਆਂ, ਯੂਨੀਅਨ ਨੇ ਇਸ ਮਹੀਨੇ ਦੇ ਅਖੀਰ ਤੱਕ ਉਡੀਕ • ਬਾਕੀ ਸਫਾ 2 'ਤੇ

# 'ਕਾਕਰੋਚ' ਅੰਮ੍ਰਿਤਸਰ 'ਚ ਵੀ ਪ੍ਰਦਰਸ਼ਨ ਕਰਨਗੇ

**ਪੁਣੇ (ਨ ਜ਼ ਸ)**- ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਦੇ ਬਾਨੀ ਅਭਿਜੀਤ ਦੀਪਕੇ ਨੇ ਬੁੱਧਵਾਰ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫੇ ਦੀ ਮੰਗ ਨੂੰ ਦੁਹਰਾਉਂਦਿਆਂ ਦੋਸ਼ ਲਾਇਆ ਕਿ ਪ੍ਰੀਖਿਆਵਾਂ ਵਿੱਚ ਵਾਰ-ਵਾਰ ਬੇਨੇਮੀਆਂ ਨੇ ਦੇਸ਼-ਭਰ ਦੇ ਲੱਖਾਂ ਵਿਦਿਆਰਥੀਆਂ ਦੇ ਭਵਿੱਖ ਨੂੰ ਪ੍ਰਭਾਵਤ ਕੀਤਾ ਹੈ।

ਉਸ ਨੇ ਕਿਹਾ ਕਿ ਦੇਸ਼ ਦੇ ਨੌਜਵਾਨ ਹੁਣ ਵਿਦਿਆਰਥੀਆਂ ਨੂੰ ਪ੍ਰਭਾਵਤ ਕਰਨ ਵਾਲੇ ਮੁੱਦਿਆਂ 'ਤੇ ਚੁੱਪ ਰਹਿਣ ਲਈ ਤਿਆਰ ਨਹੀਂ ਹਨ ਅਤੇ ਜੇ ਸਿੱਖਿਆ ਮੰਤਰੀ ਅਸਤੀਫਾ ਨਹੀਂ ਦਿੰਦੇ ਹਨ ਤਾਂ ਦੇਸ਼ਵਿਆਪੀ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ। ਇਹ ਦਾਅਵਾ ਕਰਦੇ ਹੋਏ ਕਿ ਪ੍ਰੀਖਿਆਵਾਂ ਨਾਲ ਜੁੜੀਆਂ ਸਮੱਸਿਆਵਾਂ ਕਾਰਨ ਇੱਕ ਕਰੋੜ ਤੋਂ ਵੱਧ ਵਿਦਿਆਰਥੀਆਂ ਨੂੰ ਨੁਕਸਾਨ ਝੱਲਣਾ ਪਿਆ ਹੈ, ਦੀਪਕੇ ਨੇ ਕਿਹਾ ਕਿ ਕੋਈ ਵੀ ਸਥਿਤੀ ਦੀ ਜ਼ਿੰਮੇਵਾਰੀ ਲੈਣ ਲਈ ਤਿਆਰ ਨਹੀਂ ਹੈ। ਦੀਪਕੇ ਨੇ ਕਿਹਾ, "ਜੇ ਸਿੱਖਿਆ ਮੰਤਰੀ ਅਸਤੀਫਾ ਨਹੀਂ ਦਿੰਦੇ ਤਾਂ ਅਸੀਂ ਦੇਸ਼ ਵਿਆਪੀ ਅੰਦੋਲਨ ਸ਼ੁਰੂ ਕਰਾਂਗੇ। ਇਹ ਪੁਣੇ ਤੋਂ ਸ਼ੁਰੂ ਹੋਵੇਗਾ। ਅਸੀਂ ਵੀਰਵਾਰ (11 ਜੂਨ) ਨੂੰ ਸ਼ਾਮ 4 ਵਜੇ ਪੁਣੇ ਵਿੱਚ ਇੱਕ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਕਰਾਂਗੇ। ਇਸ ਤੋਂ ਬਾਅਦ, ਲਖਨਊ, ਅੰਮ੍ਰਿਤਸਰ, ਜੈਪੁਰ ਅਤੇ ਬੇਂਗਲੁਰੂ ਵਿੱਚ ਵੀ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ।" ਉਸ ਨੇ ਕਿਹਾ ਕਿ ਜੇ ਪ੍ਰਧਾਨ ਨੇ ਅਹੁਦਾ ਨਹੀਂ ਛੱਡਿਆ ਤਾਂ ਦੇਸ਼-ਭਰ ਦੇ ਨੌਜਵਾਨ 20 ਜੂਨ ਨੂੰ ਦਿੱਲੀ ਵਿੱਚ ਇਕੱਠੇ ਹੋਣਗੇ।

# ਜਿੱਤੇ ਕੌਂਸਲਰਾਂ ਦਾ ਸੀ ਪੀ ਆਈ ਵੱਲੋਂ ਵਿਸ਼ੇਸ਼ ਸਨਮਾਨ




**ਮਾਨਸਾ (ਆਤਮਾ ਸਿੰਘ ਪਮਾਰ)**- ਨਗਰ ਕੌਂਸਲ ਚੋਣਾਂ ਮੌਕੇ ਮਾਨਸਾ, ਜੋਗਾ ਤੇ ਬੁਢਲਾਡਾ ਵਿਖੇ ਸੀ ਪੀ ਆਈ ਦੀ ਸਪੋਰਟ ਨਾਲ ਜਿੱਤੇ ਕੌਂਸਲਰਾਂ ਤੋਂ ਇਲਾਵਾ ਵਿਰੋਧੀਆਂ ਨੂੰ ਟੱਕਰ ਦੇਣ ਵਾਲੇ ਉਮੀਦਵਾਰਾਂ ਦਾ ਵੀ ਪਾਰਟੀ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਮਾਰੋਹ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਸਿੰਘ ਚੌਹਾਨ, ਜ਼ਿਲ੍ਹਾ ਸਹਾਇਕ ਸਕੱਤਰ ਐਡਵੋਕੇਟ ਕੁਲਵਿੰਦਰ, ਜ਼ਿਲ੍ਹਾ ਸਹਾਇਕ ਸਕੱਤਰ ਵੇਦ ਪ੍ਰਕਾਸ਼ ਬੁਢਲਾਡਾ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ।ਸਨਮਾਨ ਸਮਾਰੋਹ ਦੌਰਾਨ ਵਿਸ਼ੇਸ਼ ਤੌਰ 'ਤੇ ਪੁੱਜੇ ਸੂਬਾ ਸਕੱਤਰ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਤੇ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਕਿਹਾ ਕਿ ਸੀ ਪੀ ਆਈ ਦਾ ਗੜ੍ਹ ਮੰਨੇ ਜਾਂਦੇ ਕਸਬਾ ਜੋਗਾ ਵਿਖੇ ਅਕਾਲੀ, ਕਾਂਗਰਸ, ਆਪ ਤੇ ਭਾਜਪਾ ਵੱਲੋਂ ਸਾਂਝਾ ਮੋਰਚਾ ਬਣਾ ਕੇ ਸੀ ਪੀ ਆਈ ਖ਼ਿਲਾਫ਼ ਚੋਣ ਲੜੀ ਗਈ, ਜਿਸ ਕਾਰਨ ਪਾਰਟੀ ਦੀਆਂ ਬੇਸ਼ੱਕ 4 ਸੀਟਾਂ ਘਟ ਗਈਆਂ, ਪ੍ਰੰਤੂ ਵੋਟ ਬੈਂਕ ਉਸੇ ਤਰ੍ਹਾਂ ਬਰਕਰਾਰ ਰਿਹਾ। ਇੱਥੇ ਹਾਰ ਇੱਕ ਤਰ੍ਹਾਂ ਨਾਲ ਇਮਾਨਦਾਰੀ, ਪੈਸਾ ਤੇ ਸੱਤਾ ਵਿਚਕਾਰ ਮੁਕਾਬਲਾ ਸੀ।ਇਸ ਮੌਕੇ ਮਾਨਸਾ ਦੇ ਵਾਰਡ ਨੰਬਰ 13 ਤੋਂ ਕਿਰਨਾ ਰਾਣੀ ਪਤਨੀ ਕ੍ਰਿਸ਼ਨ ਚੌਹਾਨ, ਬੁਢਲਾਡਾ ਦੇ ਵਾਰਡ ਨੰਬਰ 1 ਤੋਂ ਜਗਸੀਰ ਸਿੰਘ ਰਾਏਕੇ, ਜੋਗਾ ਦੇ ਵਾਰਡ ਨੰਬਰ 1 ਤੋਂ ਸੁਖਜਿੰਦਰ ਕੌਰ, ਵਾਰਡ ਨੰਬਰ 2 ਤੋਂ ਜਗਸੀਰ ਸਿੰਘ, ਵਾਰਡ ਨੰਬਰ 3 ਤੋਂ ਗੁਰਚਰਨ ਸਿੰਘ ਅਤੇ ਵਾਰਡ ਨੰਬਰ 11 ਤੋਂ ਸਤਵੀਰ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਜੋਗਾ ਦੇ ਕ੍ਰਮਵਾਰ ਚੋਣਾਂ ਵਿੱਚ ਹਿੱਸਾ ਲੈਣ ਵਾਲੇ ਉਮੀਦਵਾਰਾਂ ਗੁਰਮੀਤ ਸਿੰਘ ਜੋਗਾ , ਗੁਰਮੇਲ ਕੌਰ, ਭੋਲਾ ਸਿੰਘ, ਪਰਮਜੀਤ ਕੌਰ, ਨਿੰਦਰਪਾਲ ਸੁੱਖਾ, ਜਸਵਿੰਦਰ ਕੌਰ, ਗੁਰਮੀਤ ਸਿੰਘ, ਸੱਤਪਾਲ ਸਿੰਘ ਬੱਗਾ ਤੇ ਰਾਜਦੀਪ ਕੌਰ ਦਾ ਵੀ ਸਿਰਪਾਉ ਪਾ ਕੇ ਨਾਅਰਿਆਂ ਦੀ ਗੂੰਜ 'ਚ ਸਨਮਾਨ ਕੀਤਾ।ਇਸ ਮੌਕੇ ਸੀਤਾਰਾਮ ਗੋਬਿੰਦਪੁਰਾ, ਰੂਪ ਸਿੰਘ ਢਿੱਲੋਂ, ਮਲਕੀਤ ਸਿੰਘ ਮੰਦਰਾਂ, ਸਾਧੂ ਸਿੰਘ ਰਾਮਾਨੰਦੀ, ਰਤਨ ਭੋਲਾ, ਅਰਵਿੰਦਰ ਕੌਰ, ਬੂਟਾ ਸਿੰਘ ਬਰਨਾਲਾ, ਰਘੂਨਾਥ ਸਿੰਗਲਾ, ਆਦਿ ਆਗੂ ਵੀ ਹਾਜ਼ਰ ਸਨ।

# ਸੰਘ ਪਰਵਾਰ ਦੇ ਫਿਰਕੂ-ਫਾਸ਼ੀ ਏਜੰਡੇ ਖਿਲਾਫ਼ 22 ਨੂੰ ਜ਼ੋਰਦਾਰ ਮੁਜ਼ਾਹਰੇ



**ਜਲੰਧਰ (ਨ ਜ਼ ਸ)**-ਸੰਘ ਪਰਵਾਰ ਦੇ ਫਿਰਕੂ-ਫਾਸ਼ੀ ਏਜੰਡੇ ਅਤੇ ਕੇਂਦਰ ਦੀ ਮੋਦੀ ਸਰਕਾਰ ਵਲੋਂ ਆਮ ਲੋਕਾਂ, ਖਾਸ ਕਰਕੇ ਕਿਰਤੀ ਵਸੋਂ ਦੀ ਰੋਜ਼ੀ-ਰੋਟੀ 'ਤੇ ਕੀਤੇ ਜਾ ਰਹੇ ਮਾਰੂ ਹੱਲਿਆਂ ਵਿਰੁੱਧ ਫਾਸ਼ੀ ਹਮਲਿਆਂ ਵਿਰੋਧੀ ਫਰੰਟ ਵਲੋਂ 22 ਜੂਨ ਨੂੰ ਪ੍ਰਾਂਤ ਦੇ ਸਾਰੇ ਜ਼ਿਲ੍ਹਿਆਂ 'ਚ ਭਰਵੇਂ ਜਨਤਕ ਇਕੱਠ ਕਰਕੇ ਜ਼ੋਰਦਾਰ ਰੋਸ ਮੁਜ਼ਾਹਰੇ ਕੀਤੇ ਜਾਣਗੇ। ਇਹ ਫੈਸਲਾ ਸੀ ਪੀ ਆਈ ਦੇ ਸੂਬਾ ਸਕੱਤਰੇਤ ਮੈਂਬਰ ਸਾਥੀ ਪ੍ਰਿਥੀਪਾਲ ਸਿੰਘ ਮਾੜੀਮੇਘਾ ਦੀ ਪ੍ਰਧਾਨਗੀ ਹੇਠ ਹੋਈ 'ਫਰੰਟ' ਦੀ ਸੂਬਾਈ ਮੀਟਿੰਗ ਵੱਲੋਂ ਲਿਆ ਗਿਆ ਹੈ।

ਆਰ ਐਮ ਪੀ ਆਈ ਵੱਲੋਂ ਸਰਵ ਸਾਥੀ ਮੰਗਤ ਰਾਮ ਪਾਸਲਾ, ਪਰਗਟ ਸਿੰਘ ਜਾਮਾਰਾਏ ਤੇ ਮਹੀਪਾਲ, ਸੀ ਪੀ ਆਈ (ਐਮ.ਐਲ.) ਨਿਊ ਡੈਮੋਕ੍ਰੇਸੀ ਵੱਲੋਂ • ਬਾਕੀ ਸਫਾ 2 'ਤੇ

# ਆਨੰਦਪੁਰ ਸਾਹਿਬ ਹਾਈਡਲ ਨਹਿਰ ਓਵਰਫਲੋ

**ਰੋਪੜ** : ਜ਼ਿਲ੍ਹਾ ਰੋਪੜ ਦੇ ਭਾਨੂਪਲੀ ਇਲਾਕੇ ਦੇ ਆਸ-ਪਾਸ ਦੇ ਪਿੰਡਾਂ ਦੇ ਵਾਸੀਆਂ ਨੂੰ ਚਿੰਤਾ ਹੋ ਗਈ ਜਦੋਂ ਭਾਨੂਪਲੀ ਸਾਈਫਨ ਨੇੜੇ ਆਨੰਦਪੁਰ ਸਾਹਿਬ ਹਾਈਡਲ ਨਹਿਰ ਦਾ ਇੱਕ ਹਿੱਸਾ ਓਵਰਫਲੋ ਹੋ ਗਿਆ। ਪੀ ਐਸ ਪੀ ਸੀ ਐੱਲ ਦੇ ਅਧਿਕਾਰੀਆਂ ਨੇ ਨਾਂਅ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਹੈ ਕਿ ਕਾਰਪੋਰੇਸ਼ਨ ਹਰ ਮਹੀਨੇ ਨਹਿਰ ਵਿੱਚੋਂ ਸੈਂਕੜੇ ਟਨ ਕੂੜਾ ਅਤੇ ਮਲਬਾ ਕੱਢਦੀ ਹੈ, ਫਿਰ ਵੀ ਲੋਕਾਂ ਵੱਲੋਂ ਪਲਾਸਟਿਕ ਦੇ ਲਿਫਾਫੇ, ਬੋਤਲਾਂ ਅਤੇ ਹੋਰ ਕੂੜਾ ਸੁੱਟਣਾ ਇੱਕ ਗੰਭੀਰ ਚੁਣੌਤੀ ਬਣਿਆ ਹੋਇਆ ਹੈ। ਆਨੰਦਪੁਰ ਸਾਹਿਬ ਹਾਈਡਲ ਨਹਿਰ ਪੰਜਾਬ ਦੇ ਜਲ-ਬਿਜਲੀ ਬੁਨਿਆਦੀ ਢਾਂਚੇ ਦਾ ਇੱਕ ਮਹੱਤਵਪੂਰਨ ਹਿੱਸਾ ਹੈ ਅਤੇ ਇਹ ਨਹਿਰ ਬਿਜਲੀ ਪੈਦਾ ਕਰਨ ਲਈ ਨੰਗਲ ਹਾਈਡਲ ਚੈਨਲ ਪ੍ਰਣਾਲੀ ਤੋਂ ਮੋੜੇ ਗਏ ਪਾਣੀ ਨੂੰ ਲੈ ਕੇ ਜਾਂਦੀ ਹੈ। ਨਹਿਰ 'ਤੇ 100-100 ਮੈਗਾਵਾਟ ਦੀ ਸਥਾਪਤ ਸਮਰੱਥਾ ਵਾਲੇ ਦੋ ਵੱਡੇ ਹਾਈਡਲ ਪਾਵਰ ਪ੍ਰੋਜੈਕਟ ਸਥਾਪਤ ਕੀਤੇ ਗਏ ਹਨ, ਇੱਕ ਆਨੰਦਪੁਰ ਸਾਹਿਬ ਵਿਖੇ ਅਤੇ ਦੂਜਾ ਨੱਕੀਆਂ ਵਿਖੇ, ਜੋ ਮਿਲ ਕੇ ਰਾਜ ਦੇ ਪਾਵਰ ਗਰਿੱਡ ਨੂੰ 200 ਮੈਗਾਵਾਟ ਨਵਿਆਉਣਯੋਗ ਊਰਜਾ ਦਾ ਯੋਗਦਾਨ ਪਾਉਂਦੇ ਹਨ।

## ਅੱਜ-ਨਾਮਾ

ਭਾਖੜਾ ਬੋਰਡ ਨੇ ਕਿਹਾ ਹਰਿਆਣੀਆਂ ਨੂੰ,
ਜਿੰਨਾ ਵੀ ਕਹੋ ਪਾਣੀ, ਦੇਈਏ ਛੋੜ ਬੇਲੀ।
ਮੌਸਮ ਮੀਂਹ ਦਾ ਅੱਗੋਂ ਜੀ ਆਉਣ ਵਾਲਾ,
ਪਿਘਲ ਕੇ ਬਰਫ ਦਾ ਆਂਵਦਾ ਰੋੜ੍ਹ ਬੇਲੀ।
ਭਾਖੜੇ ਵਾਲੀ ਤਾਂ ਝੀਲ ਬੱਸ ਭਰਨ ਵਾਲੀ,
ਸਕੀਏ ਕਿਸੇ ਵੀ ਤਰਫ ਨਹੀਂ ਮੋੜ ਬੇਲੀ।
ਖਤਰਾ ਹੜ੍ਹਾਂ ਦਾ ਖਾਈ ਜਾਏ ਸਾਰਿਆਂ ਨੂੰ,
ਲਾਉਂਦੇ ਅਸੀਂ ਹਾਂ ਨਿੱਤ ਦਿਨ ਜੋੜ ਬੇਲੀ।
ਕੁਝ ਤਾਂ ਪਾਣੀ ਨੂੰ ਵਰਤਣ ਦੀ ਮੰਗ ਭੇਜੋ,
ਕੁਝ-ਕੁਝ ਖਪਤ ਦਾ ਲੱਭੀਏ ਰਾਹ ਬੇਲੀ।
ਅੰਕੜੇ ਪਾਣੀ ਦੇ ਜਿੱਦਾਂ ਨੇ ਰੋਜ਼ ਆਉਂਦੇ,
ਸੁੱਝਦੀ ਜੁਗਤ ਨਹੀਂ ਕੋਈ ਸਲਾਹ ਬੇਲੀ।

-ਤੀਸ ਮਾਰ ਖਾਂ

# 350 ਸ਼ਰਧਾਲੂਆਂ ਨੂੰ ਬਚਾਇਆ

**ਧਰਮਸ਼ਾਲਾ (ਨ ਜ਼ ਸ)** - ਨੈਣਾ ਦੇਵੀ ਮੰਦਰ ਉਦਾਲੇ ਜੰਗਲਾਂ ਵਿੱਚ ਲੱਗੀ ਭਿਆਨਕ ਅੱਗ ਵਿੱਚੋਂ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਸਮੇਤ ਲੱਗਭੱਗ 350 ਸ਼ਰਧਾਲੂਆਂ ਨੂੰ ਮੰਗਲਵਾਰ ਰਾਤ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਇਹ ਸ਼ਰਧਾਲੂ ਪਹਾੜੀ ਦੀ ਚੋਟੀ 'ਤੇ ਸਥਿਤ ਮੰਦਰ ਵਿੱਚ ਭੰਡਾਰੇ ਅਤੇ ਜਾਗਰਣ ਲਈ ਇਕੱਠੇ ਹੋਏ ਸਨ, ਜਦੋਂ ਆਲੇ-ਦੁਆਲੇ ਦੇ ਜੰਗਲਾਂ ਵਿੱਚ ਅੱਗ ਲੱਗ ਗਈ। ਇਹ ਮੰਦਰ ਸੰਘਣੇ ਜੰਗਲਾਂ ਦੇ ਵਿਚਕਾਰ ਸਥਿਤ ਹੈ ਅਤੇ ਇੱਥੇ ਜਾਣ ਵਾਲੀ ਇਕਲੌਤੀ ਸੜਕ ਜੰਗਲ ਵਿੱਚੋਂ ਲੰਘਦੀ ਹੈ। ਅਧਿਕਾਰੀਆਂ ਅਨੁਸਾਰ, ਸੜਕ ਦੇ ਦੋਵੇਂ ਪਾਸੇ ਲੱਗਭੱਗ ਤਿੰਨ ਕਿਲੋਮੀਟਰ ਤੱਕ ਭਿਆਨਕ ਅੱਗ ਭੜਕ ਰਹੀ ਸੀ, ਜਿਸ ਨੇ ਬਾਹਰ ਨਿਕਲਣ ਦਾ ਰਸਤਾ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਅਤੇ ਸ਼ਰਧਾਲੂ ਉੱਥੇ ਹੀ ਫਸ ਕੇ ਰਹਿ ਗਏ।

ਹਿਮਾਚਲ ਪ੍ਰਦੇਸ਼ ਵਿੱਚ ਚੱਲ ਰਹੀ ਲੂ ਦੇ ਕਾਰਨ ਜੰਗਲਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਵਿੱਚ ਭਾਰੀ ਵਾਧਾ ਹੋਇਆ ਹੈ। ਮੰਗਲਵਾਰ ਤੱਕ ਸੂਬੇ ਦੇ 11 ਜੰਗਲਾਤ ਸਰਕਲਾਂ ਵਿੱਚ ਜੰਗਲ ਦੀ ਅੱਗ ਦੀਆਂ ਕੁੱਲ 412 ਘਟਨਾਵਾਂ ਦਰਜ ਕੀਤੀਆਂ ਗਈਆਂ, ਜਦੋਂ ਕਿ ਪਿਛਲੇ ਸਾਲ ਇਸੇ ਮਿਆਦ ਦੌਰਾਨ ਇਹ ਗਿਣਤੀ 276 ਸੀ। ਇਸ ਅੱਗ ਨੇ 4,796 ਹੈਕਟੇਅਰ ਤੋਂ ਵੱਧ ਜੰਗਲੀ ਜ਼ਮੀਨ ਨੂੰ ਪ੍ਰਭਾਵਤ ਕੀਤਾ ਹੈ, ਜੋ ਵਧ ਰਹੇ ਤਾਪਮਾਨ ਅਤੇ ਲੰਬੇ ਸਮੇਂ ਤੱਕ ਖੁਸ਼ਕ ਹਾਲਾਤ ਕਾਰਨ ਪੈਦਾ ਹੋਏ ਵਧਦੇ ਖਤਰੇ ਨੂੰ ਦਰਸਾਉਂਦਾ ਹੈ। ਜੰਗਲਾਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਵਾਧੇ ਦਾ ਮੁੱਖ ਕਾਰਨ ਬਹੁਤ ਜ਼ਿਆਦਾ ਗਰਮੀ, ਸੁੱਕੀ ਬਨਸਪਤੀ ਅਤੇ ਚੀਲ੍ਹ ਦੇ ਜੰਗਲ ਹਨ, ਜੋ ਬਹੁਤ ਜ਼ਿਆਦਾ ਜਲਣਸ਼ੀਲ ਹੁੰਦੇ ਹਨ ਅਤੇ ਹੇਠਲੀਆਂ ਪਹਾੜੀਆਂ ਦੇ ਵੱਡੇ ਹਿੱਸੇ ਵਿੱਚ ਪਾਏ ਜਾਂਦੇ ਹਨ।



ਨਵਾਂ ਜ਼ਮਾਨਾ

ਵੀਰਵਾਰ, 11 ਜੂਨ 2026

# ਹਾਈ ਕੋਰਟ ਦਾ ਮਿਸਾਲੀ ਹੁਕਮ

*ਇਲਾਹਾਬਾਦ ਹਾਈ ਕੋਰਟ ਨੇ ਯੂ ਪੀ ਸਰਕਾਰ ਨੂੰ ਸ਼ਾਂਤੀ ਭੰਗ ਕਰਨ ਦੇ ਦੋਸ਼ਾਂ ਵਿੱਚ ਭਾਰਤੀਆ ਨਾਗਰਿਕ ਸੁਰੱਕਸ਼ਾ ਸੰਹਿਤਾ (ਬੀ ਐੱਨ ਐੱਸ ਐੱਸ) ਦੇ ਤਹਿਤ ਇਹਤਿਆਤੀ ਨਜ਼ਰਬੰਦੀ ਦੇ ਪ੍ਰਾਵਧਾਨਾਂ ਤਹਿਤ 24 ਘੰਟਿਆਂ ਤੋਂ ਵੱਧ ਸਮੇਂ ਲਈ ਗੈਰ-ਕਾਨੂੰਨੀ ਤੌਰ 'ਤੇ ਹਿਰਾਸਤ 'ਚ ਰੱਖੇ ਗਏ ਨਾਗਰਿਕਾਂ ਨੂੰ ਪ੍ਰਤੀ ਦਿਨ 25,000 ਰੁਪਏ ਦੇ ਹਿਸਾਬ ਨਾਲ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਹੈ। ਜਸਟਿਸ ਸਿਧਾਰਥ ਅਤੇ ਜਸਟਿਸ ਵਿਨੈ ਕੁਮਾਰ ਦਿਵੇਦੀ ਦੀ ਬੈਂਚ ਨੇ ਇਹ ਵੀ ਹਦਾਇਤ ਕੀਤੀ ਹੈ ਕਿ ਮੁਆਵਜ਼ਾ ਸਿੱਧੇ ਤੌਰ 'ਤੇ ਗਲਤੀ ਕਰਨ ਵਾਲੇ ਮੈਜਿਸਟ੍ਰੇਟ ਜਾਂ ਪੁਲਸ ਅਧਿਕਾਰੀਆਂ ਦੀ ਤਨਖਾਹ ਤੋਂ ਵਸੂਲਿਆ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਜਿਹੜੇ ਮੈਜਿਸਟ੍ਰੇਟ ਅਤੇ ਪੁਲਸ ਅਧਿਕਾਰੀ ਪਹਿਲੀ ਨਜ਼ਰੇ ਇਸ ਕੁਤਾਹੀ ਲਈ ਜ਼ਿੰਮੇਵਾਰ ਪਾਏ ਜਾਂਦੇ ਹਨ, ਉਨ੍ਹਾਂ ਖਿਲਾਫ ਸੰਬੰਧਤ ਸੇਵਾ ਨਿਯਮਾਂ ਅਨੁਸਾਰ ਜ਼ਾਬਤੇ ਦੀ ਕਾਰਵਾਈ ਕੀਤੀ ਜਾਵੇ। ਬੈਂਚ ਨੇ ਇਹ ਵੀ ਹਦਾਇਤ ਕੀਤੀ ਕਿ ਅਜਿਹੇ ਵਿਅਕਤੀਆਂ ਦੀ ਰਿਹਾਈ ਲਈ ਆਮ ਤੌਰ 'ਤੇ ਜ਼ਮਾਨਤ ਨਹੀਂ ਮੰਗੀ ਜਾਣੀ ਚਾਹੀਦੀ। ਨਾਲ ਹੀ ਨਿੱਜੀ ਮੁਚਲਕਾ 20,000 ਰੁਪਏ ਤੋਂ ਵੱਧ ਨਹੀਂ ਹੋਣਾ ਚਾਹੀਦਾ।*

*ਬੈਂਚ ਨੇ ਇਹ ਹੁਕਮ ਰਾਜ ਵਿੱਚ ਇਸ ਚਿੰਤਾਜਨਕ ਰੁਝਾਨ ਨੂੰ ਧਿਆਨ ਵਿੱਚ ਰੱਖਦੇ ਹੋਏ ਦਿੱਤਾ ਹੈ, ਜਿਸ ਵਿੱਚ ਪੁਲਸ ਅਧਿਕਾਰੀ ਅਤੇ ਮੈਜਿਸਟ੍ਰੇਟ ਸ਼ਾਂਤੀ ਭੰਗ ਕਰਨ ਦੇ ਮਹਿਜ਼ ਤੌਖਲੇ 'ਤੇ ਲੋਕਾਂ ਨੂੰ ਕਈ ਦਿਨਾਂ ਲਈ ਜੇਲ੍ਹ ਭੇਜ ਦਿੰਦੇ ਹਨ ਤੇ ਬੇਹੱਦ ਗੈਰ-ਜ਼ਿੰਮੇਵਾਰਾਨਾ ਢੰਗ ਨਾਲ ਕੰਮ ਕਰ ਰਹੇ ਹਨ।*

*ਬੈਂਚ ਹਾਈ ਕੋਰਟ ਵਿੱਚ ਪ੍ਰੈਕਟਿਸ ਕਰ ਰਹੇ ਇੱਕ ਅਪਾਹਜ ਵਕੀਲ ਚੰਦਰ ਪਾਲ ਸਿੰਘ ਵੱਲੋਂ ਦਾਇਰ ਕੀਤੀ ਗਈ ਹੈਬੀਅਸ ਕਾਰਪਸ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। 22 ਫਰਵਰੀ ਨੂੰ ਗਾਜ਼ੀਆਬਾਦ ਪੁਲਸ ਉਸ ਨੂੰ ਇੱਕ ਗੁਆਂਢੀ ਦੀ ਇਸ ਛੋਟੀ ਜਿਹੀ ਸ਼ਿਕਾਇਤ ਦੇ ਆਧਾਰ 'ਤੇ ਜ਼ਬਰਦਸਤੀ ਚੁੱਕ ਕੇ ਲੈ ਗਈ ਸੀ ਕਿ ਉਸ ਨੇ ਇੱਕ ਗੇਟ ਖੜ੍ਹਾ ਕਰਕੇ ਉਨ੍ਹਾਂ ਦਾ ਰਸਤਾ ਰੋਕਿਆ ਹੈ। ਕਾਨੂੰਨ ਅਨੁਸਾਰ ਉਸ ਨੂੰ 24 ਘੰਟਿਆਂ ਦੇ ਅੰਦਰ ਮੈਜਿਸਟ੍ਰੇਟ ਸਾਹਮਣੇ ਪੇਸ਼ ਨਹੀਂ ਕੀਤਾ ਗਿਆ, ਪਰ ਅਗਲੇ ਦਿਨ ਸਿਰਫ ਅਸਿਸਟੈਂਟ ਪੁਲਸ ਕਮਿਸ਼ਨਰ ਸਾਹਮਣੇ ਪੇਸ਼ ਕੀਤਾ ਗਿਆ। ਫਿਰ ਉਸ ਨੂੰ ਸੀ ਆਰ ਪੀ ਸੀ ਦੀ ਧਾਰਾ 151/ਬੀ ਐੱਨ ਐੱਸ ਐੱਸ ਦੀ ਧਾਰਾ 170 ਦੇ ਤਹਿਤ ਜੇਲ੍ਹ ਭੇਜ ਦਿੱਤਾ ਗਿਆ। ਅਗਲੇ ਦਿਨ ਉਸ ਨੇ ਅਤੇ ਉਸ ਦੇ ਭਤੀਜੇ ਨੇ ਬੀ ਐੱਨ ਐੱਸ ਐੱਸ ਦੀ ਧਾਰਾ 170, 126 ਅਤੇ 135 ਦੇ ਤਹਿਤ ਸ਼ਾਂਤੀ ਬਣਾਈ ਰੱਖਣ ਲਈ 50,000 ਰੁਪਏ ਦਾ ਬਾਂਡ ਭਰਿਆ। ਇਸ ਦੇ ਬਾਵਜੂਦ, ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਗਿਆ। ਹਾਈ ਕੋਰਟ ਦੇ ਦਖਲ ਤੋਂ ਬਾਅਦ ਉਸ ਨੂੰ 25 ਫਰਵਰੀ ਨੂੰ ਹੀ ਰਿਹਾਅ ਕੀਤਾ ਗਿਆ, ਜਦਕਿ ਭਤੀਜੇ ਨੂੰ 26 ਫਰਵਰੀ ਨੂੰ ਰਿਹਾਅ ਕੀਤਾ ਗਿਆ।*

*ਬੈਂਚ ਨੇ ਨੋਟ ਕੀਤਾ ਕਿ ਬੀ ਐੱਨ ਐੱਸ ਐੱਸ ਦੀ ਧਾਰਾ 170 ਵਿੱਚ ਬਾਂਡ ਭਰਨ ਜਾਂ ਜ਼ਮਾਨਤ ਦਾ ਕੋਈ ਪ੍ਰਾਵਧਾਨ ਨਹੀਂ ਹੈ। ਫਿਰ ਵੀ, ਜਦੋਂ ਕਿਸੇ ਨੂੰ ਸ਼ਾਂਤੀ ਭੰਗ ਕਰਨ ਲਈ ਗ੍ਰਿਫਤਾਰ ਕੀਤਾ ਜਾਂਦਾ ਹੈ, ਤਾਂ ਮੈਜਿਸਟ੍ਰੇਟ ਗੈਰ-ਕਾਨੂੰਨੀ ਤੌਰ 'ਤੇ 50,000 ਰੁਪਏ ਦੇ ਬਾਂਡ ਅਤੇ ਓਨੀ ਹੀ ਰਕਮ ਦੀਆਂ ਇੱਕ ਜਾਂ ਦੋ ਜ਼ਮਾਨਤਾਂ ਮੰਗਦੇ ਹਨ।*

*ਬੈਂਚ ਨੇ ਦੌਦਿਆਲ ਬਨਾਮ ਰਾਜਸਥਾਨ ਰਾਜ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਫੈਸਲੇ ਦਾ ਹਵਾਲਾ ਦਿੱਤਾ। ਫੈਸਲੇ ਵਿੱਚ ਨੀਲਾਬਤੀ ਬੇਹਰਾ ਬਨਾਮ ਓਡੀਸ਼ਾ ਰਾਜ (1993) ਦੇ ਇਤਿਹਾਸਕ ਕੇਸ ਦਾ ਹਵਾਲਾ ਦਿੱਤਾ ਗਿਆ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਜਦੋਂ ਰਾਜ ਮੌਲਿਕ ਅਧਿਕਾਰਾਂ ਦੀ ਰੱਖਿਆ ਕਰਨ ਦਾ ਆਪਣਾ ਜਨਤਕ ਫਰਜ਼ ਨਿਭਾਉਣ ਵਿੱਚ ਅਸਫਲ ਰਹਿੰਦਾ ਹੈ ਤਾਂ 'ਮਿਸਾਲ ਕਾਇਮ ਕਰਨ ਵਾਲੇ ਹਰਜਾਨੇ' ਦੇ ਤੌਰ 'ਤੇ ਮਾਲੀ ਮੁਆਵਜ਼ਾ ਦਿੱਤਾ ਜਾ ਸਕਦਾ ਹੈ।*

*ਅਦਾਲਤ ਨੇ 'ਅਮਿਤ ਜਾਨੀ ਬਨਾਮ ਯੂ ਪੀ ਰਾਜ ਅਤੇ ਹੋਰ (2020)', 'ਸ਼ਿਵ ਕੁਮਾਰ ਵਰਮਾ ਤੇ ਹੋਰ ਬਨਾਮ ਯੂਪੀ ਰਾਜ ਅਤੇ 3 ਹੋਰ' ਮਾਮਲਿਆਂ ਵਿੱਚ ਫੈਸਲਿਆਂ ਦਾ ਵੀ ਹਵਾਲਾ ਦਿੱਤਾ। ਇਨ੍ਹਾਂ ਫੈਸਲਿਆਂ ਵਿੱਚ ਕਿਹਾ ਗਿਆ ਸੀ ਕਿ ਸੀ ਆਰ ਪੀ ਸੀ ਦੀ ਚੈਪਟਰ VIII ਦੇ ਤਹਿਤ ਨਜ਼ਰਬੰਦੀ ਦਾ ਹੁਕਮ ਸਿਰਫ ਤਾਂ ਹੀ ਦਿੱਤਾ ਜਾ ਸਕਦਾ, ਜਦ ਬਾਂਡ ਨਾ ਭਰਿਆ ਗਿਆ ਹੋਵੇ, ਨਾ ਕਿ ਕਿਸੇ ਹੋਰ ਸਥਿਤੀ ਵਿੱਚ। ਯਾਨੀ ਹਿਰਾਸਤ ਦਾ ਹੁਕਮ ਸਿਰਫ ਬਾਂਡ ਨਾ ਭਰਨ ਦੀ ਸਥਿਤੀ ਵਿੱਚ ਹੀ ਦਿੱਤਾ ਜਾ ਸਕਦਾ ਹੈ।*

*ਇਹ ਹਾਲਤ ਸਿਰਫ 'ਬੁਲਡੋਜ਼ਰ ਬਾਬਾ' ਦੇ ਰਾਜ ਯੂ ਪੀ ਵਿੱਚ ਹੀ ਨਹੀਂ ਹੈ, ਹੋਰਨਾਂ ਰਾਜਾਂ ਵਿੱਚ ਵੀ ਮੈਜਿਸਟ੍ਰੇਟ ਤੇ ਪੁਲਸ ਅਧਿਕਾਰੀ ਆਪਣੇ ਆਕਿਆਂ ਨੂੰ ਖੁਸ਼ ਕਰਨ ਲਈ ਅਜਿਹੀਆਂ ਧੱਕੇਸ਼ਾਹੀਆਂ ਕਰਦੇ ਹਨ। ਉਮੀਦ ਹੈ ਕਿ ਇਲਾਹਾਬਾਦ ਹਾਈ ਕੋਰਟ ਦਾ ਫੈਸਲਾ ਉਨ੍ਹਾਂ 'ਤੇ ਲਗਾਮ ਲਾਉਣ ਵਿੱਚ ਸਹਾਈ ਹੋਵੇਗਾ।*

# ਦੇਸ਼ ਅੰਦਰ ਧਰਮ ਗੁਰੂਆਂ ਤੇ ਕਾਰਪੋਰੇਟ ਦਾ ਸਾਮਰਾਜ


ਜਸਵੰਤ ਜੀਰਖ

ਸਾਡਾ ਦੇਸ਼ ਸਰਕਾਰੀ ਛਤਰ-ਛਾਇਆ ਹੇਠ ਵਧ ਰਹੀ ਅੰਧਵਿਸ਼ਵਾਸੀ ਧਾਰਮਿਕ ਆਸਥਾ ਅਤੇ ਸਾਮਰਾਜੀ ਦੇਸਾਂ ਤੇ ਦੇਸੀ-ਵਿਦੇਸੀ ਕਾਰਪੋਰੇਟੀ ਲੁੱਟ ਦੀ ਚੱਕੀ ਹੇਠ ਪਿਸਦਾ ਹੋਇਆ ਗੈਰ ਜਮਹੂਰੀ ਵਰਤਾਰਿਆਂ ਵਿੱਚ ਨਿੱਘਰ ਰਿਹਾ ਹੈ। ਅਖੌਤੀ ਧਰਮਾਂ ਦੀਆਂ ਵਲ਼ਗਣਾਂ ਖਤਮ ਕਰਨ ਦੀ ਥਾਂ ਇਹਨਾਂ ਨੂੰ ਹੋਰ ਪੱਕੀਆਂ ਕਰਕੇ ਮਨੁੱਖਤਾ ਵਿੱਚ ਇਕ-ਦੂਜੇ ਪ੍ਰਤੀ ਨਫ਼ਰਤ ਨੂੰ ਵਧਾਉਣ ਲਈ ਸਰਕਾਰੀ ਦਖ਼ਲ ਦਿਨੋ-ਦਿਨ ਵਧ ਰਿਹਾ ਹੈ ।ਲੋਕਾਂ ਦੀ ਧਰਮਾਂ ਪ੍ਰਤੀ ਬਣੀ ਗੈਰ ਵਿਗਿਆਨਿਕ ਆਸਥਾ ਨੂੰ ਮਿਲ ਰਹੀ ਸਰਕਾਰੀ ਸਰਪ੍ਰਸਤੀ ਕਾਰਨ ਇਸ ਦਾ ਬੋਲਬਾਲਾ ਘਟਣ ਦੀ ਬਜਾਏ ਹੋਰ ਪ੍ਰਫੁਲਤ ਹੋ ਰਿਹਾ ਹੈ । ਧਾਰਮਿਕ ਅਸਥਾਨਾਂ ਵਿੱਚ ਬੈਠੇ ਤਰ੍ਹਾਂ-ਤਰ੍ਹਾਂ ਦੇ ਬਾਬੇ ਅੱਜ ਦੇ ਵਿਗਿਆਨਕ ਯੁੱਗ ਵਿੱਚ ਤੀਰਥ ਯਾਤਰਾਵਾਂ ਅਤੇ ਨਦੀਆਂ, ਸਰੋਵਰਾਂ ਵਿੱਚ ਕੀਤੇ ਇਸ਼ਨਾਨਾਂ ਦੀ ਮਨ ਘੜਤ ਮਹਿਮਾ ਸੁਣਾ ਕੇ ਲੋਕਾਂ ਨੂੰ ਇਸ ਰਸਤੇ ਤੋਰਨ ਲਈ ਜ਼ੁੰਮੇਵਾਰ ਹਨ । ਸਰਕਾਰੀ ਖਜ਼ਾਨੇ ਦੀ ਇਸ ਮੰਤਵ ਲਈ ਹੋ ਰਹੀ ਗੈਰ-ਸੰਵਿਧਾਨਿਕ ਦੁਰਵਰਤੋਂ ਲੋਕਾਂ ਦੀ ਅੰਧਵਿਸ਼ਵਾਸੀ ਮਾਨਸਿਕਤਾ ਨੂੰ ਹੋਰ ਪੱਕਾ ਕਰਨ ਦਾ ਵਸੀਲਾ ਬਣ ਰਹੀ ਹੈ, ਜੋ ਸਮਾਜ ਦੀ ਤਰੱਕੀ ਦੀ ਬਜਾਏ ਮਾਰੂ ਰੋਲ ਅਦਾ ਕਰ ਰਹੀ ਹੈ ।ਧਾਰਮਿਕ ਅਸਥਾਨਾਂ ਦੀ ਯਾਤਰਾ ਸਮੇਂ ਹੋ ਰਹੇ ਹਾਦਸੇ ਇਸ ਗੱਲ ਦੇ ਗਵਾਹ ਹਨ ਕਿ ਜਿਹੜੇ ਲੋਕ ਇਹਨਾਂ ਦੌਰਾਨ ਆਪਣੀ ਜਾਨ ਗੁਆ ਦਿੰਦੇ ਹਨ , ਉਹਨਾਂ ਦੇ ਪਰਵਾਰ ਸਾਲਾਂਬੱਧੀ ਜਾਂ ਰਹਿੰਦੀ ਉਮਰ ਤੱਕ ਇਸ ਦਾ ਸੰਤਾਪ ਭੋਗਦੇ ਰਹਿੰਦੇ ਹਨ, ਪਰ ਇਸ ਦੇ ਬਾਵਜੂਦ ਸਰਕਾਰਾਂ ਇਹਨਾਂ ਯਾਤਰਾਵਾਂ ਨੂੰ ਹੋਰ ਉਤਸ਼ਾਹਤ ਕਰਨ ਲਈ ਸੰਵਿਧਾਨ ਦੀ ਉਲੰਘਣਾ ਕਰਕੇ ਸਰਕਾਰੀ ਖਜ਼ਾਨੇ ਦੀ ਵਰਤੋਂ ਕਰਨ ਤੋਂ ਸੰਕੋਚ ਨਹੀਂ ਕਰਦੀਆਂ । ਲੋਕ ਵੀ ਇਹਨਾਂ ਨੂੰ ਧਰਮ ਦਾ ਕੰਮ ਸਮਝ ਕੇ ਸਰਕਾਰਾਂ ਦਾ ਗੁਣਗਾਨ ਕਰਦੇ ਹਨ ਅਤੇ ਇਸ ਦਾ ਇਵਜ਼ਾਨਾਂ ਵੋਟਾਂ ਪਾ ਕੇ ਮੋੜ ਦਿੰਦੇ ਹਨ । ਸਰਕਾਰਾਂ ਨੂੰ ਇਹ ਗੱਲ ਇਸ ਕਰਕੇ ਰਾਸ ਆਉਂਦੀ ਹੈ, ਕਿਉਂਕਿ ਉਹਨਾਂ ਵੱਲੋਂ ਇਹ ਪੈਸਾ ਆਪਣੀਆਂ ਜੇਬਾਂ ਵਿੱਚੋਂ ਨਹੀਂ, ਸਗੋਂ ਲੋਕਾਂ ਤੋਂ ਉਗਰਾਹੇ ਟੈਕਸਾਂ ਰਾਹੀਂ ਭਰੇ ਖਜ਼ਾਨੇ ਵਿਚੋਂ ਆਪਣੀਆਂ ਵੋਟਾਂ ਪੱਕੀਆਂ ਕਰਨ ਲਈ ਕੀਤਾ ਜਾਂਦਾ ਹੈ, ਜਿਸ ਨੂੰ ਜੇ ਵੋਟਾਂ ਲੈਣ ਲਈ ਰਿਸ਼ਵਤ ਦੇਣਾ ਵੀ ਕਹਿ ਲਿਆ ਜਾਵੇ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ । ਲੋਕਾਂ ਦੀਆਂ ਧਾਰਮਿਕ ਆਸਥਾਵਾਂ ਦੇ ਨਾਂਅ ਹੇਠ ਜੀਵਨ ਸਫਲ ਕਰਨ ਅਤੇ ਮੋਕਸ਼ ਪ੍ਰਾਪਤੀ ਦੀਆਂ ਅਜਿਹੀਆਂ ਅੰਧਵਿਸ਼ਵਾਸੀ ਮਾਨਤਾਵਾਂ ਨੂੰ ਬਣਾਈ ਰੱਖਣ ਲਈ ਸਰਕਾਰਾਂ ਅਤੇ ਬਾਬਿਆਂ ਦਾ ਗਠਜੋੜ ਸਿੱਧੇ ਰੂਪ ਵਿੱਚ ਜ਼ੁੰਮੇਵਾਰ ਹੈ, ਕਿਉਂਕਿ ਰਾਜ ਸੱਤਾ 'ਤੇ ਕਾਬਜ਼ ਸਰਕਾਰਾਂ ਅਤੇ ਧਾਰਮਿਕ ਅਸਥਾਨਾਂ 'ਤੇ ਕਾਬਜ਼ ਸਰਕਾਰੀ ਪਾਲਤੂ ਬਾਬਿਆਂ ਦੀ ਸਥਾਪਤੀ ਬਰਕਰਾਰ ਰੱਖ ਕੇ ਇਸ ਗਠਜੋੜ ਰਾਹੀਂ ਲੋਕਾਂ ਨੂੰ ਮੂਰਖ ਬਣਾ ਕੇ ਰੱਖਣਾ ਸਹਾਈ ਸਿੱਧ ਹੋ ਰਿਹਾ ਹੈ । ਡੇਰਿਆ ਦੇ ਬਹੁਤੇ ਮੁਖੀਆਂ ਨਾਲ ਹਰ ਸਿਆਸੀ ਪਾਰਟੀ ਦੇ ਵੱਡੇ ਆਗੂਆਂ ਨਾਲ ਖਿਚਵਾਈਆਂ ਫੋਟੋ ਉਹਨਾਂ ਦੀਆਂ ਆਪਸੀ ਸਾਂਝਾਂ ਨੂੰ ਦਰਸਾਉਂਦੀਆਂ ਹਨ। ਬਾਬਿਆਂ ਅਤੇ ਸਿਆਸਤਦਾਨਾ ਦੇ ਇਸ ਗੱਠਜੋੜ ਨੂੰ ਸਮਝਣਾ ਅਤਿ ਜ਼ਰੂਰੀ ਹੈ, ਕਿਉਂਕਿ ਇਹੋ ਗਠਜੋੜ ਜਿੱਥੇ ਆਮ ਲੋਕਾਂ ਦੀਆਂ ਵੋਟਾਂ ਬਟੋਰਨ ਦੇ ਕੰਮ ਕਰਦਾ ਹੈ, ਉੱਥੇ ਬਾਬਿਆਂ ਦੇ ਭਗਤਾਂ ਨੂੰ ਕਿਸਮਤ ਵਾਦੀ ਬਣਾਈ ਰੱਖਣ ਲਈ ਕਾਰਗਰ ਸਿੱਧ ਹੁੰਦਾ ਹੈ। ਸਰਕਾਰਾਂ ਦੀ ਨਾਕਾਮੀ ਉੱਪਰ ਪਰਦਾ ਪਾ ਕੇ ਰੱਖਣ ਲਈ ਲੋਕਾਂ ਨੂੰ ਕਿਸਮਤ ਵਿੱਚ ਉਲਝਾ ਕੇ ਰੱਖਣ ਦਾ ਕੰਮ ਇਹ ਬਾਬੇ ਸਰਕਾਰਾਂ ਵੱਲੋਂ ਚਲਾਏ ਜਾਂਦੇ ਗਲਤ ਪ੍ਰਬੰਧ ਨੂੰ ਨਿਰਦੋਸ਼ ਕਰਨ ਦੀ ਭੂਮਿਕਾ ਨਿਭਾ ਰਹੇ ਹਨ ।

ਧਾਰਮਿਕ ਸਮਝੇ ਜਾਂਦੇ ਬਾਬਿਆਂ ਦੇ ਡੇਰਿਆਂ ਵਿੱਚ ਲੋਕਾਂ ਦੀਆਂ ਵਧ ਰਹੀਆਂ ਭੀੜਾਂ, ਜਦੋਂ ਆਪਣੀ ਜ਼ਿੰਦਗੀ ਵਿੱਚ ਜਮਹੂਰੀ ਕਦਰਾਂ ਦੀ ਘਾਟ ਕਾਰਨ ਵਾਪਰ ਰਹੀਆਂ ਘਟਨਾਵਾਂ ਨੂੰ ਬਾਬਿਆਂ ਦੇ ਉਪਦੇਸ਼ ਅਨੁਸਾਰ ਕਿਸਮਤ ਵਿੱਚ ਲਿਖੀ ਕਹਿ ਕੇ ਮੰਨੀ ਜਾਣ ਤਾਂ ਉਹਨਾਂ ਨੂੰ ਜਮਹੂਰੀ ਅਧਿਕਾਰਾਂ ਬਾਰੇ ਸੋਝੀ ਦੇਣੀ ਬੇਹੱਦ ਜ਼ਰੂਰੀ ਹੈ, ਜੋ ਸਾਡੀ ਜ਼ੁੰਮੇਵਾਰੀ ਹੈ। ਹਰ ਮਨੁੱਖ ਨੂੰ ਬਿਹਤਰ ਜ਼ਿੰਦਗੀ ਜਿਉਣ ਯੋਗ ਹਾਲਤਾਂ ਪੈਦਾ ਕਰਨਾ ਸਰਕਾਰ ਦੀ ਮੁਢਲੀ ਜ਼ੁੰਮੇਵਾਰੀ ਹੈ ਅਤੇ ਹਰ ਮਨੁੱਖ ਲਈ ਮਾਣ ਯੋਗ ਜ਼ਿੰਦਗੀ ਉਸ ਦਾ ਜਮਹੂਰੀ ਹੱਕ ਹੈ, ਪਰ ਇੱਥੇ ਗਰੀਬੀ - ਅਮੀਰੀ ਵਿੱਚ ਜਿਉਣ ਯੋਗ ਹਾਲਤਾਂ ਅਤੇ ਜਮਹੂਰੀ ਹੱਕਾਂ ਦੀ ਸਮਾਨਤਾ ਵਿੱਚ ਜ਼ਮੀਨ ਅਸਮਾਨ ਦੇ ਅੰਤਰ ਨੂੰ ਪਿਛਲੇ ਜਨਮ ਵਿੱਚ ਕੀਤੇ ਕੰਮਾਂ ਦਾ ਫਲ ਦੱਸ ਕੇ ਇਹ ਬਾਬੇ ਜਾਇਜ਼ ਠਹਿਰਾ ਕੇ ਭਾਣਾ ਮੰਨ ਕੇ ਜਿਉਣ ਦੇ ਉਪਦੇਸ਼ਾਂ ਰਾਹੀਂ ਸਰਕਾਰਾਂ ਨੂੰ ਦੋਸ਼ਮੁਕਤ ਕਰ ਰਹੇ ਹਨ । ਲੋਕਾਂ ਨੂੰ ਹੀ ਇਸ ਦੇ ਜ਼ੁੰਮੇਵਾਰ ਠਹਿਰਾ ਕੇ ਅਗਲੇ ਜਨਮ ਵਿੱਚ ਸੁੱਖ ਪ੍ਰਾਪਤ ਕਰਨ ਦੇ ਨੁਸਖਿਆਂ ਦੇ ਵਚਨ ਸੁਣਾ ਕੇ ਸ਼ਾਂਤ ਕਰ ਰਹੇ ਹਨ ।

ਸਾਡੀਆਂ ਸਰਕਾਰਾਂ ਜਦੋਂ ਦੇਸ਼ ਦੇ ਵਿਕਾਸ ਦੀ ਗੱਲ ਕਰਦੀਆਂ ਹਨ, ਤਾਂ ਹਰ ਪਾਸੇ ਸੜਕਾਂ, ਨਦੀਆਂ-ਨਾਲਿਆਂ, ਰਹਾਇਸ਼ੀ ਇਲਾਕਿਆਂ ਦੁਆਲੇ ਪਈ ਗੰਦਗੀ ਦੇ ਢੇਰ ਅਕਸਰ ਹੀ ਵੇਖੇ ਜਾ ਸਕਦੇ ਹਨ। ਦੂਜੇ ਪਾਸੇ ਸੜਕਾਂ ਵਿੱਚ ਟੋਏ , ਗੰਦਗੀ ਦੇ ਢੇਰਾਂ ਵਿੱਚੋਂ ਜੀਵਨ ਲੱਭ ਰਹੀ ਲੋਕਾਈ ਦੀ ਕੰਗਾਲੀ ਦੀ ਤਸਵੀਰ ਅਸੀਂ ਰੋਜ਼ਾਨਾ ਪ੍ਰਤੱਖ ਵੇਖ ਰਹੇ ਹਾਂ । ਇਸੇ ਸਮੇਂ ਬੇਰੁਜ਼ਗਾਰ ਨੌਜਵਾਨੀ ਜੋ ਕਿ ਜ਼ਿੰਦਗੀ ਦੇ ਭਾਰ ਨੂੰ ਚੁੱਕਣ ਤੋਂ ਅਸਮਰੱਥ ਹੈ, ਵੱਖ-ਵੱਖ ਅਲਾਮਤਾਂ ਦੀ ਸ਼ਿਕਾਰ ਹੋ ਕੇ ਸਮੇਂ ਦੀਆਂ ਠੋਕਰਾਂ ਖਾਣ ਅਤੇ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੈ। ਸਕੂਲਾਂ ਵਿੱਚ ਕਰਵਾਏ ਜਾਂਦੇ ਹਵਨ, ਅਰਦਾਸਾਂ, ਪ੍ਰਾਰਥਨਾਵਾਂ ਰਾਹੀਂ ਸ਼ੁਰੂ ਹੁੰਦੀ ਪੜ੍ਹਾਈ ਬੱਚਿਆਂ ਨੂੰ ਦਿਮਾਗੀ ਤੌਰ 'ਤੇ ਚੇਤਨ ਕਰਨ ਦੀ ਥਾਂ ਅੰਧਵਿਸ਼ਵਾਸੀ ਆਸਥਾ ਵੱਲ ਤੋਰ ਰਹੀ ਹੈ ।ਡੇਰਿਆਂ ਦੇ ਕਿੰਨੇ ਹੀ ਮੁਖੀ ਆਪਣੇ ਵੱਲੋਂ ਕੀਤੇ ਗਏ ਬੇਹੱਦ ਸੰਗੀਨ ਅਪਰਾਧਾਂ ਦੇ ਦੋਸ਼ ਅਦਾਲਤਾਂ ਵਿੱਚ ਸਿੱਧ ਹੋਣ 'ਤੇ ਜੇਲ੍ਹਾਂ ਵਿੱਚ ਉਮਰ ਕੈਦ ਵਰਗੀਆਂ ਸਜਾਵਾਂ ਭੁਗਤ ਰਹੇ ਹਨ, ਪਰ ਇਸ ਦੇ ਬਾਵਜੂਦ ਉਹਨਾਂ ਪ੍ਰਤੀ ਸਰਕਾਰਾਂ ਦੀ ਛਤਰ-ਛਾਇਆ ਬਰਕਰਾਰ ਹੈ, ਜਿਸ ਕਰਕੇ ਉਹਨਾਂ ਨੂੰ ਬਾਰ-ਬਾਰ ਪੈਰੋਲ 'ਤੇ ਬਾਹਰ ਲਿਆ ਕੇ ਆਪਣੇ ਹਿਤ ਵਿੱਚ ਭੁਗਤਾਉਣ ਅਤੇ ਉਹਨਾਂ ਦੀ ਲੋਕਾਂ ਵਿੱਚ ਮਾਨਤਾ ਨੂੰ ਬਰਕਰਾਰ ਰੱਖਿਆ ਜਾ ਰਿਹਾ ਹੈ ।

ਇਸ ਦੇ ਬਿਲਕੁਲ ਉਲਟ 'ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ' ਨਾਲ ਜਾਣੇ ਜਾਂਦੇ ਇਸ ਦੇਸ਼ ਵਿੱਚ ਕਈ ਬੇਦੋਸ਼ੇ ਬਿਨਾਂ ਕਿਸੇ ਦੋਸ਼ ਤੋਂ ਵੀ ਜੇਲ੍ਹਾਂ ਅੰਦਰ ਕੈਦ ਹਨ, ਜਿਹਨਾਂ ਖਿਲਾਫ ਅਜੇ ਤੱਕ ਕੋਈ ਅਦਾਲਤੀ ਕੇਸ ਵੀ ਨਹੀਂ ਚਲਾਇਆ ਗਿਆ, ਕਿਉਂਕਿ ਇਹ ਅਜਿਹੇ ਲੋਕ ਹਨ, ਜਿਹੜੇ ਸਰਕਾਰੀ ਸਰਪ੍ਰਸਤੀ ਹੇਠ ਦੇਸੀ-ਵਿਦੇਸੀ ਕਾਰਪੋਰੇਟਾਂ ਰਾਹੀਂ ਦੇਸ਼ ਦੀ ਹੋ ਰਹੀ ਲੁੱਟ, ਬੇਈਮਾਨੀ, ਰਿਸ਼ਵਤਖੋਰੀ , ਬੇਰੁਜ਼ਗਾਰੀ, ਮਹਿੰਗਾਈ, ਗਰੀਬੀ, ਆਦਿ ਦੇ ਖਿਲਾਫ ਲੋਕਾਂ ਨੂੰ ਇਹਨਾਂ ਦੇ ਅਸਲ ਕਾਰਣਾਂ ਤੋਂ ਜਾਣੂ ਕਰਵਾਉਂਦੇ ਸਨ। ਇਸ ਦੇ ਬਾਵਜੂਦ ਉਹ ਬਿਨਾਂ ਕਿਸੇ ਕੇਸ ਚਲਾਇਆਂ ਪਿਛਲੇ 5 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਜੇਲ੍ਹੀਂ ਬੰਦ ਹਨ, ਜਿਹਨਾਂ ਨੂੰ ਪੈਰੋਲ ਦੇਣ ਲਈ ਵੀ ਸਰਕਾਰਾਂ ਅਤੇ ਅਦਾਲਤਾਂ ਵੱਲੋਂ ਬਜਾਏ ਜਾਂਦੇ ਜਮਹੂਰੀਅਤ ਦੇ ਢੋਲ ਦੀ ਪੋਲ ਖੁੱਲ੍ਹਦੀ ਸਾਫ ਵੇਖੀ ਜਾ ਸਕਦੀ ਹੈ। ਇਹਨਾਂ ਵਿੱਚੋਂ ਕਈ ਤਾਂ ਜੇਲ੍ਹ ਵਿੱਚ ਹੀ ਸਦੀਵੀ ਵਿਛੋੜਾ ਦੇ ਚੁੱਕੇ ਹਨ ।

ਸਾਮਰਾਜੀ ਅਤੇ ਕਾਰਪੋਰੇਟੀ ਲੁੱਟ:-ਦੂਜੇ ਪਾਸੇ ਕਾਰਪੋਰੇਟ ਵਿਉਪਾਰਿਕ ਅਦਾਰਿਆਂ ਅਤੇ ਪੂੰਜੀਪਤੀਆਂ ਦੇ ਮੁਨਾਫ਼ਿਆਂ ਵਿੱਚ ਹੋਰ ਵਾਧਾ ਕਰਨ ਲਈ ਪਬਲਿਕ ਦੀ ਕਿਰਤ ਕਮਾਈ ਨਾਲ ਉਸਾਰੇ ਅਦਾਰਿਆਂ ਨੂੰ ਇਹਨਾਂ ਵੱਡੇ ਪੂੰਜੀਪਤੀਆਂ/ ਕਾਰਪੋਰੇਟਾਂ ਦੀ ਝੋਲੀ ਪਾਇਆ ਜਾ ਰਿਹਾ ਹੈ ।ਸਾਡੇ ਵੇਖਦਿਆਂ-ਵੇਖਦਿਆਂ ਟੈਲੀਫੋਨ, ਬਿਜਲੀ, ਰੇਲਵੇ, ਹਵਾਈ ਜਹਾਜ ਅਤੇ ਏਅਰਪੋਰਟ , ਟ੍ਰਾਂਸਪੋਰਟ , ਵਿਦਿਅਕ ਅਤੇ ਸਿਹਤ ਅਦਾਰਿਆਂ ਅਤੇ ਸੜਕਾਂ ਤੋਂ ਦੇਸ਼ ਦੀ ਮਾਲਕੀ ਖਤਮ ਕਰਕੇ ਨਿੱਜੀ ਮਾਲਕੀ ਵਿੱਚ ਤਬਦੀਲ ਕਰ ਦਿੱਤਾ ਹੈ। ਦੇਸ਼ ਦੇ ਛੋਟੇ ਕਾਰੋਬਾਰ ਖਤਮ ਕਰਕੇ ਵੱਡੇ ਕਾਰਪੋਰੇਟਾਂ ਦੇ ਕਾਰੋਬਾਰਾਂ ਲਈ ਰਾਹ ਪੱਧਰੇ ਕੀਤੇ ਜਾ ਰਹੇ ਹਨ । ਭਾਰਤ ਮਾਲਾ ਵਰਗੇ ਸੜਕਾਂ ਬਣਾਉਣ ਵਾਲੇ ਪ੍ਰੋਜੈਕਟ ਉਹਨਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਹੀ ਲਿਆਂਦੇ ਗਏ ਹਨ ।

ਦੇਸ਼ ਦੇ ਉਪਰੋਕਤ ਕਮਾਊ ਅਦਾਰਿਆਂ ਨੂੰ ਨਿੱਜੀ ਮਾਲਕੀ ਵਿੱਚ ਬਦਲਣ ਦੀ ਇੱਕ ਤਾਜ਼ੀ ਉਦਾਹਰਣ ਹੁਣੇ ਹੁਣੇ 26 ਮਈ, 2026 ਨੂੰ ਸਾਹਮਣੇ ਆਈ, ਜਿਸ ਅਨੁਸਾਰ 121 ਕਰੋੜ ਰੁਪਏ ਵਿੱਚ ਵੇਚੀ ਗਈ ਇਹ ਇੰਡੀਅਨ ਮੈਡੀਸਨ ਫਾਰਮੈਟੀਕਲ ਲਿਮ: (I M P C L) ਨਾਂਅ ਦੀ ਕੰਪਨੀ ਆਯੁਰਵੈਦਿਕ ਅਤੇ ਯੂਨਾਨੀ ਦਵਾਈਆਂ ਬਣਾਉਂਦੀ ਹੈ। ਇਸ ਕੰਪਨੀ ਨੇ ਸਾਲ 2021-22 ਵਿੱਚ 3376 ਲੱਖ ਦਾ ਮੁਨਾਫਾ ਕਮਾ ਕੇ ਦੇਸ਼ ਦੀ ਝੋਲੀ ਪਾਇਆ, ਪਰ ਇਸ ਦੇ ਬਾਵਜੂਦ ਇਸ ਨੂੰ ਸਕਾਈ ਮੈਪ ਫਰਮਾ, ਜੋ ਇਕ ਨਿੱਜੀ ਕੰਪਨੀ ਹੈ, ਨੂੰ ਵੇਚ ਦਿੱਤਾ ਗਿਆ। ਇਸ ਤੋਂ ਪਹਿਲਾਂ ਵੇਚੇ ਅਦਾਰਿਆਂ ਦੀਆਂ ਅਨੇਕਾਂ ਉਦਾਹਰਣਾਂ ਸਾਡੇ ਸਾਹਮਣੇ ਹਨ ।

ਸੋਲਰ ਪੈਨਲ ਵੇਚਣ ਦੇ ਸਰਕਾਰੀ ਠੇਕੇ, ਜੋ ਅਡਾਨੀ ਅਤੇ ਹੋਰ ਕਾਰਪੋਰੇਟ ਗਰੁੱਪਾਂ ਨੇ ਭਾਰਤ 'ਚ ਰਿਸ਼ਵਤ ਦੇ ਕੇ ਲਏ ਸਨ ਅਤੇ ਉਨ੍ਹਾਂ ਅੰਕੜਿਆਂ ਦੇ ਅਧਾਰ 'ਤੇ ਅਮਰੀਕਾ ਦੇ ਸ਼ੇਅਰ ਮਾਰਕੀਟ ਤੋਂ ਡਾਲਰ ਚੁੱਕੇ ਸਨ । ਇਸ ਧੋਖਾਧੜੀ ਕਰਕੇ ਹੀ ਅਡਾਨੀ 'ਤੇ ਕੇਸ ਦਰਜ ਹੋਇਆ ਸੀ, ਜਿਸ ਨੂੰ ਟਰੰਪ ਦੇ ਖਾਸ ਵਕੀਲ ਰਾਹੀਂ ਇਸ ਤਰਾਂ ਨਜਿੱਠਿਆ ਗਿਆ ਹੈ ਕਿ ਸਕਿਓਰਿਟੀਜ਼ ਐਂਡ ਐਕਸਚੇਂਜ ਕਮਿਸ਼ਨ (SEC) - ਸਿਵਲ ਕੇਸ :- ਐੱਸ ਈ ਸੀ ਨਾਲ ਸਿਵਲ ਮਾਮਲੇ ਵਿੱਚ ਬਿਨਾਂ ਕਿਸੇ ਦੋਸ਼ ਕਬੂਲੇ ਤੋਂ ਸਮਝੌਤਾ ਹੋ ਗਿਆ। ਇਸ ਸਮਝੌਤੇ ਤਹਿਤ ਗੌਤਮ ਅਡਾਨੀ ਨੇ 6 ਮਿਲੀਅਨ ਡਾਲਰ ਅਤੇ ਸਾਗਰ ਅਡਾਨੀ ਨੇ 12 ਮਿਲੀਅਨ ਡਾਲਰ ਦਾ ਜੁਰਮਾਨਾ ਭਰਨ ਦੀ ਸਹਿਮਤੀ ਪ੍ਰਗਟਾਈ ਹੈ।

ਵਿਦੇਸ਼ੀ ਸੰਪਤੀ ਕੰਟਰੋਲ ਦਫ਼ਤਰ (OFAC) - ਪਾਬੰਦੀਆਂ ਦੀ ਉਲੰਘਣਾ :- ਈਰਾਨ ਤੋਂ ਐੱਲ ਪੀ ਜੀ ਗੈਸ ਖਰੀਦਣ ਦੇ ਦੋਸ਼ਾਂ ਵਿੱਚ ਅਡਾਨੀ ਦੀ ਕੰਪਨੀ ਨੇ 275 ਮਿਲੀਅਨ ਡਾਲਰ ਦਾ ਜੁਰਮਾਨਾ ਭਰਨ ਦਾ ਸਮਝੌਤਾ ਕਰਕੇ ਦੋਸ਼ ਰਫਦਫਾ ਕਰਵਾਏ ।

ਅਡਾਨੀ ਨੇ ਅਮਰੀਕਾ ਵਿੱਚ 100 ਅਰਬ ਡਾਲਰ ਨਿਵੇਸ਼ ਕਰਨ ਅਤੇ 15,000 ਨੌਕਰੀਆਂ ਪੈਦਾ ਕਰਨ ਦਾ ਟਰੰਪ ਨਾਲ ਵਾਅਦਾ ਕੀਤਾ ਹੈ। ਜਿਹੜੇ ਲੋਕਾਂ ਨੇ ਇਸ ਰਿਸ਼ਵਤਖੋਰੀ ਦਾ ਕੋਰਟ ਰਾਹੀਂ ਭਾਂਡਾ ਭੰਨਿਆ, ਉਹਨਾਂ ਨੂੰ 18 ਮਿਲੀਅਨ ਡਾਲਰ ਦੇ ਕੇ ਅਡਾਨੀ ਨੂੰ ਖਹਿੜਾ ਛਡਾਉਣਾ ਪਿਆ ਹੈ ।ਪ੍ਰਧਾਨ ਮੰਤਰੀ ਲੋਕਾਂ ਨੂੰ ਵਿਦੇਸ਼ੀ ਮੁਦਰਾ ਬਚਾਉਣ ਦਾ ਪਾਠ ਪੜ੍ਹਾ ਰਿਹਾ, ਪਰ ਅਮਰੀਕਾ ਅਗੇ ਗੋਡੇ ਟੇਕ ਕੇ ਵਾਇਦਾ ਕਰ ਰਿਹਾ ਹੈ, ਕਿ ਹੋਰ ਭਾਰਤੀ ਕੰਪਨੀਆਂ 20.5 ਬਿਲੀਅਨ ਡਾਲਰ ਅਮਰੀਕਾ ਵਿਚ ਨਿਵੇਸ਼ ਕਰਨਗੀਆਂ । ਇਹ ਕੰਪਨੀਆਂ ਉਹ ਹਨ, ਜੋ ਭਾਰਤ ਵਿਚਲਾ ਤਿਆਰ ਮਾਲ ਅਮਰੀਕਾ ਵਿੱਚ ਵੇਚ ਕੇ ਡਾਲਰ ਕਮਾ ਕੇ ਦੇਸ਼ ਦਾ ਵਿਦੇਸ਼ੀ ਮੁਦਰਾ ਭੰਡਾਰ ਭਰਦੀਆਂ ਸਨ । ਅੱਜ ਜਦੋਂ ਵਿਦੇਸ਼ੀ ਕੰਪਨੀਆਂ ਧੜਾਧੜ ਡਾਲਰ ਕਢ ਰਹੀਆਂ ਹਨ ਤਾਂ ਇਸ ਹਾਲਾਤ ਵਿਚ ਬੈਂਕਾਂ ਵਿਚੋਂ ਪੈਸਾ ਕਰਜ਼ਾ ਲੈ ਕੇ ਬਾਹਰ ਨਿਵੇਸ਼ ਹੋਵੇਗਾ, ਜਿਸ ਨਾਲ ਰੁਪਏ ਦੀ ਕੀਮਤ ਡਾਲਰ ਦੇ ਮੁਕਾਬਲੇ ਹੋਰ ਜਿਆਦਾ ਗਿਰੇਗੀ ।

ਅੱਜ ਜਦੋਂ ਪੈਟ੍ਰੋਲ, ਡੀਜ਼ਲ, ਗੈਸ ਦੇ ਰੇਟ ਇਹ ਕਹਿ ਕੇ ਵਧਾਏ ਜਾ ਰਹੇ ਹਨ ਕਿ ਤੇਲ ਕੰਪਨੀਆਂ ਨੂੰ ਨੁਕਸਾਨ ਹੋ ਰਿਹਾ ਹੈ, ਪਰ ਜਦੋਂ ਇਹੋ ਕੰਪਨੀਆਂ ਅਰਬਾਂ ਦੇ ਮੁਨਾਫੇ ਕਮਾਉਂਦੀਆਂ ਹਨ, ਉਸ ਸਮੇਂ ਇਹਨਾਂ ਦੇ ਮੁਨਾਫੇ ਘਟਾ ਕੇ ਲੋਕਾਂ ਨੂੰ ਰਾਹਤ ਕਿਉਂ ਨਹੀਂ ਦਿੱਤੀ ਜਾਂਦੀ ? ਕੀ ਹਰ ਵੇਲੇ ਲੋਕਾਂ ਤੋਂ ਖੋਹ ਕੇ ਇਹਨਾਂ ਕੰਪਨੀਆਂ ਦੇ ਮੁਨਾਫੇ ਵਧਾਉਣੇ ਜ਼ਰੂਰੀ ਹਨ ? ਇਹ ਸਵਾਲ ਲੋਕਾਂ ਵੱਲੋਂ ਸਰਕਾਰ ਨੂੰ ਕਰਨੇ ਬਣਦੇ ਹਨ। । ਇਸੇ ਤਰ੍ਹਾਂ ਇਲੈਕਟ੍ਰੋਲ ਬਾਂਡ ਅਤੇ ਪ੍ਰਧਾਨ ਮੰਤਰੀ ਕੇਅਰ ਫੰਡ ਜੋ ਕਾਰਪੋਰੇਟ ਤੋਂ ਖੁੱਲੇ ਤੌਰ 'ਤੇ ਇਕੱਠਾ ਕੀਤਾ ਗਿਆ ਅਤੇ ਮੌਕੇ ਮੁਤਾਬਿਕ ਬਾਂਹ ਮਰੋੜ ਕੇ ਵੀ ਲਿਆ ਗਿਆ ।ਵੱਖ ਵੱਖ ਕੰਪਨੀਆਂ/ ਕਾਰਪੋਰੇਟਾਂ ਪਾਸੋਂ ਧਨ ਦੀ ਹਿੱਸੇ ਦਾਰੀ ਕੀਤੀ ਗਈ , ਜਿਸ ਦੇ ਬਦਲ ਵਿੱਚ ਉਹਨਾਂ ਦੇ ਉਪਰੋਕਤ ਕਰਜ਼ੇ ਮੁਆਫ ਕੀਤੇ ਗਏ ।ਇਹ ਫੰਡ ਮਾਰਚ 2018 ਦੀਆਂ ਚੋਣਾ ਤੋਂ ਪਹਿਲਾਂ ਇਕੱਠੇ ਕੀਤੇ ਗਏ ।ਭਾਜਪਾ ਨੇ ਇਲੈਕਟ੍ਰੋਲ ਬਾਂਡਾਂ ਲਈ ਹੋਰ ਪਾਰਟੀਆਂ ਦੇ ਮੁਕਾਬਲੇ ਸਭ ਤੋਂ ਵੱਧ 6060 ਕਰੋੜ ਰੁਪਏ ਇਕੱਠੇ ਕੀਤੇ , ਜਿਸ ਵਿੱਚ ਵਿਦਾਂਤਾ ਤੇ ਮੈਗਾ ਕੰਪਨੀਆਂ ਨੇ ਵੀ ਵੱਡੇ ਫੰਡ ਦਿੱਤੇ । ਸਭ ਤੋਂ ਵੱਡੀਆਂ ਦਾਨੀ ਕਹਾਉਣ ਵਾਲੀਆਂ ਕੰਪਨੀਆਂ ਫਿਊਚਰ ਗੇਮਿੰਗ ਦੇ ਨਾਂਅ ਹੇਠ ਸੱਟੇਬਾਜੀ ਦਾ ਧੰਦਾ ਕਰਦੀਆਂ ਹਨ ।ਸੋ ਇਸ ਤਰ੍ਹਾਂ ਭਾਜਪਾ ਨੇ ਵੱਡੇ ਫੰਡ ਲੈ ਕੇ ਇਹਨਾਂ ਦੇ ਕਰਜ਼ੇ ਹੀ ਮੁਆਫ ਨਹੀਂ ਕੀਤੇ, ਸਗੋਂ ਇਹਨਾਂ ਨੂੰ ਵੱਡੇ ਕਾਰੋਬਾਰੀ ਠੇਕੇ ਵੀ ਦਿੱਤੇ ਗਏ।

ਇਹ ਹੈ ਵੱਡੀਆਂ ਕਾਰੋਬਾਰੀ ਕੰਪਨੀਆਂ/ ਕਾਰਪੋਰੇਟਾਂ ਨੂੰ ਦੇਸ਼ ਦਾ ਸਰਮਾਇਆ ਲੁਟਾ ਕੇ ਕਿਰਤੀ, ਕਿਸਾਨਾਂ ਤੇ ਹੋਰ ਵਰਗਾਂ ਨਾਲ ਖਿਲਵਾੜ ਕਰਨ ਦੀ ਮੋਟੀ ਜਿਹੀ ਤਸਵੀਰ, ਜਿਸ ਨਾਲ ਕੁਝ ਕੁ ਘਰਾਣਿਆਂ ਨੂੰ ਮਾਲੋਮਾਲ ਕਰਕੇ ਦੇਸ਼ ਦੀ ਬਰਬਾਦੀ ਕੀਤੀ ਜਾ ਰਹੀ ਹੈ ਅਤੇ ਜਨਤਾ ਨੂੰ ਵਿਦਿਆ, ਸਿਹਤ, ਕੰਮ ਧੰਦੇ ਅਤੇ ਸਾਫ ਵਾਤਾਵਰਣ ਵਰਗੇ ਮੁੱਢਲੇ ਜਮਹੂਰੀ ਹੱਕਾਂ ਤੋਂ ਵੀ ਵਾਂਝੇ ਰਖਿਆ ਜਾ ਰਿਹਾ ਹੈ ।ਇਸ ਤੰਤਰ ਰਾਹੀਂ ਕਾਰਪੋਰੇਟਾਂ ਤੋਂ ਵੱਖ-ਵੱਖ ਢੰਗਾਂ ਰਾਹੀਂ ਹਜ਼ਾਰਾਂ ਕਰੋੜ ਮੱਤ ਦਾਨ ਦੇ ਨਾਂਅ 'ਤੇ ਲੈ ਕੇ ਲੋਕਾਂ ਦੀ ਮੱਤ ਮਾਰ ਪ੍ਰਣਾਲੀ ਖੜੀ ਕਰਕੇ ਸੱਤਾ 'ਤੇ ਜਕੜ ਪੱਕੀ ਕੀਤੀ ਜਾ ਰਹੀ ਹੈ, ਜਿਸ ਨਾਲ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਣ ਲਈ ਵਰਤਿਆ ਜਾ ਰਿਹਾ ਹੈ ।

ਦੇਸ਼ ਦੇ ਰਾਜ ਪ੍ਰਬੰਧ ਨੂੰ ਉਸਾਰੂ ਬਣਾਉਣ ਦੇ ਰਾਮ-ਰੌਲੇ ਦੀ ਭੇਟ ਚੜ੍ਹਾ ਕੇ ਦੇਸ਼ ਦੀ ਪੂੰਜੀ ਲੋਕਾਂ ਦੀ ਜ਼ਿੰਦਗੀ ਸੁਧਾਰਨ ਲਈ ਵਰਤਣ ਦੀ ਬਜਾਏ ਵੱਡੇ ਪੂੰਜੀਪਤੀਆਂ ਦੇ ਵਿਕਾਸ ਲਈ ਵਰਤ ਕੇ ਉਹਨਾਂ ਦੇ ਮੁਨਾਫ਼ਿਆਂ ਨੂੰ ਵਧਾਉਣ ਲਈ ਹੀ ਨਹੀਂ, ਸਗੋਂ ਸਾਰਾ ਦੇਸ਼ ਹੀ ਉਹਨਾਂ ਦੇ ਹਵਾਲੇ ਕਰਨ ਵੱਲ ਵਧਿਆ ਜਾ ਰਿਹਾ ਹੈ । ਦੇਸ਼ ਦੇ ਉਪਰੋਕਤ ਸਾਰੇ ਕਮਾਊ ਅਦਾਰਿਆਂ ਸਮੇਤ ਕਿਰਤੀ ਲੋਕਾਂ ਦੇ ਰੋਜ਼ਗਾਰਾਂ ਨੂੰ ਉਹਨਾਂ ਦੇ ਅਧੀਨ ਕੀਤਾ ਜਾ ਰਿਹਾ ਹੈ, ਜਿਸ ਕਾਰਨ ਈਸਟ ਇੰਡੀਆ ਕੰਪਨੀ ਵਰਗੀਆਂ ਅਨੇਕਾਂ ਕੰਪਨੀਆਂ / ਕਾਰਪੋਰੇਟਾਂ ਨੂੰ ਅੱਜ ਫਿਰ ਦੇਸ਼ ਨੂੰ ਗੁਲਾਮ ਬਣਾਉਣ ਦੇ ਮੂੰਹ ਧੱਕਣ ਵੱਲ ਸਰਕਾਰੀ ਨੀਤੀਆਂ ਬਣਾਈਆਂ ਜਾ ਰਹੀਆਂ ਹਨ ।ਭਾਵੇਂ ਦੇਸ਼ ਦੀਆਂ ਸਾਰੀਆਂ ਸਿਆਸੀ ਪਾਰਟੀਆਂ, ਜੋ ਕਿ ਵਾਰੋ-ਵਾਰੀ ਰਾਜ ਸੱਤਾ 'ਤੇ ਕਾਬਜ਼ ਹੋ ਕੇ ਉਹਨਾਂ ਕਾਰਪੋਰੇਟਾਂ ਨੂੰ ਦੇਸ਼ ਦੀ ਲੁੱਟ ਕਰਨ ਦੇ ਘੱਟ-ਵੱਧ ਰੂਪ ਵਿੱਚ ਮੌਕੇ ਪ੍ਰਦਾਨ ਕਰਕੇ ਦੇਸ਼ ਵਾਸੀਆਂ ਦੀ ਪਿੱਠ ਵਿੱਚ ਛੁਰਾ ਮਾਰਦੀਆਂ ਆ ਰਹੀਆਂ ਹਨ, ਪਰ ਪਿਛਲੇ 10 ਸਾਲਾਂ ਤੋਂ ਜਿਸ ਤੇਜ਼ੀ ਨਾਲ ਦੇਸ਼ ਨੂੰ ਇਸ ਪਾਸੇ ਵੱਲ ਧੱਕਿਆ ਜਾ ਰਿਹਾ ਹੈ , ਉਸ ਦੇ ਖਤਰਨਾਕ ਨਤੀਜੇ ਅੱਜ ਸਾਡੇ ਸਾਹਮਣੇ ਆ ਰਹੇ ਹਨ ।

**# ਸੰਪਰਕ : 98151-69825**

# ਦੇਸ਼ ਦਾ ਭਵਿੱਖ ਭੁੱਖਮਰੀ ਕਾਰਨ ਸਰੀਰਕ ਤੇ ਮਾਨਸਿਕ ਅਪਾਹਜ ਹੋਣ ਵੱਲ

ਨਰਭਿੰਦਰ

ਕਿੰਨੀ ਤ੍ਰਾਸਦਿਕ ਹਾਲਤ ਹੈ ਕਿ ਜਿਹੜੀ ਵਿਵਸਥਾ ਦੁਨੀਆ ਦੀ ਚੌਥੀ ਵੱਡੀ ਅਰਥ ਵਿਵਸਥਾ ਹੋਣ ਦਾ ਢੰਡੋਰਾ ਪਿੱਟ ਰਹੀ ਹੈ, ਉਸ ਦੇ 40 ਫ਼ੀਸਦੀ ਬੱਚਿਆਂ ਨੂੰ ਲੋੜੀਂਦੀ ਪੌਸ਼ਟਿਕ ਖੁਰਾਕ ਵੀ ਨਸੀਬ ਨਹੀਂ। ਭਾਵ ਬੱਚਿਆਂ ਲਈ ਲੋੜੀਂਦੀ ਖੁਰਾਕ ਮੁਹੱਈਆ ਨਾ ਕਰਾ ਸਕਣ ਵਿੱਚ ਭਾਰਤ ਦਾ ਸਥਾਨ 8ਵਾਂ ਹੈ। ਸਭ ਤੋਂ ਖ਼ਤਰਨਾਕ ਸਥਿਤੀ ਸੋਮਾਲੀਆ ਦੀ ਹੈ, ਜਿਥੇ 63 ਫੀਸਦੀ ਬੱਚੇ ਪੌਸ਼ਟਿਕ ਖੁਰਾਕ ਤੋਂ ਵਾਂਝੇ ਹਨ। ਗਿਨੀ 'ਚ 54 ਫੀਸਦੀ, ਅਫ਼ਗਾਨਿਸਤਾਨ 49 ਫ਼ੀਸਦੀ, ਸਿਏਰਾਲਿਯੋਨ 47 ਫ਼ੀਸਦੀ, ਇਥੋਪੀਆ 46 ਫ਼ੀਸਦੀ, ਲਾਇਬੇਰੀਆ 43 ਫੀਸਦੀ ਤੇ ਭਾਰਤ ਦੇ 40 ਫ਼ੀਸਦੀ ਬੱਚਿਆਂ ਨੂੰ ਢਿੱਡ ਭਰ ਕੇ ਤੰਦਰੁਸਤ ਰਹਿਣ ਲਈ ਲੋੜੀਂਦੀ ਖੁਰਾਕ ਵੀ ਨਹੀਂ ਮਿਲ ਰਹੀ। ਇਹ ਯੂਨੀਸੈਫ ਦੀ ਰਿਪੋਰਟ ਕਹਿੰਦੀ ਹੈ। ਜਿਹੜੀ ਉਨ੍ਹਾਂ ਸਾਊਥ ਏਸ਼ੀਆ ਤੇ ਅਫ਼ਗਾਨਿਸਤਾਨ ਨੂੰ ਲੈ ਕੇ ਜਾਰੀ ਕੀਤੀ ਹੈ। ਦੁਨੀਆ ਦਾ ਹਰ ਚੌਥਾ ਬੱਚਾ ਢਿੱਡ ਭਰ ਕੇ ਖਾਣਾ ਖਾਣ ਤੋਂ ਵੀ ਅਸਮਰਥ ਹੈ। 5 ਸਾਲ ਦੇ 18.1 ਕਰੋੜ ਬੱਚੇ ਗੰਭੀਰ ਖੁਰਾਕ ਕੰਗਾਲੀ (ਫੂਡ ਪਾਵਰਟੀ) ਦੀ ਲਪੇਟ ਵਿੱਚ ਹਨ। 27 ਫ਼ੀਸਦੀ ਬੱਚਿਆਂ ਨੂੰ ਪੌਸ਼ਟਿਕ ਖਾਣਾ ਨਹੀਂ ਮਿਲਦਾ। ਹਾਲਾਂਕਿ ਸਾਡੇ ਨਾਲੋਂ ਪਾਕਿਸਤਾਨ ਦੀ ਹਾਲਤ ਬਿਹਤਰ ਹੈ, ਉਥੇ 38 ਫ਼ੀਸਦੀ ਬੱਚਿਆਂ ਨੂੰ ਪੌਸ਼ਟਿਕ ਖੁਰਾਕ ਨਹੀਂ ਮਿਲਦੀ ਅਤੇ ਚੀਨ 'ਚ ਵੀ 10 ਫ਼ੀਸਦੀ ਬੱਚਿਆਂ ਨੂੰ ਪੌਸ਼ਟਿਕ ਖੁਰਾਕ ਨਹੀਂ ਮਿਲਦੀ। ਚੀਨ 'ਚ ਵੀ 10 ਫ਼ੀਸਦੀ ਬੱਚੇ ਢਿਡ ਭਰਵੀਂ ਰੋਟੀ ਖਾਣ ਤੋਂ ਅਸਮਰਥ ਹਨ।

ਦੁਨੀਆ ਵਿੱਚ 65 ਫ਼ੀਸਦੀ ਬੱਚੇ, ਜਿਹੜੇ ਗੰਭੀਰ ਖੁਰਾਕ ਦੀ ਘਾਟ ਭਾਵ ਰੋਟੀ ਦੀ ਗਰੀਬੀ ਵਿੱਚ ਰਹਿ ਰਹੇ ਹਨ, ਸਿਰਫ਼ 20 ਦੇਸ਼ਾਂ ਵਿੱਚ ਹੀ ਹਨ, ਜਿਸ 'ਚੋਂ 6.4 ਕਰੋੜ ਦੱਖਣੀ ਏਸ਼ੀਆ ਵਿੱਚ ਅਤੇ 5.9 ਕਰੋੜ ਉਪ ਸਹਾਰਾ ਅਫ਼ਰੀਕਾ ਵਿੱਚ ਰਹਿੰਦੇ ਹਨ। ਦੁਨੀਆ ਵਿੱਚ ਵਧ ਰਿਹਾ ਅਮੀਰੀ-ਗਰੀਬੀ ਦਾ ਪਾੜਾ, ਭਾਵ ਗੈਰ-ਬਰਾਬਰੀ, ਜਲਵਾਯੂ ਸੰਕਟ, ਵਧ ਰਹੀਆਂ ਖੁਰਾਕੀ ਵਸਤੂਆਂ ਦੀਆਂ ਕੀਮਤਾਂ, ਗੈਰ-ਮਿਆਰੀ ਖੁਰਾਕੀ ਪਦਾਰਥਾਂ ਦੇ ਪਸਾਰ ਅਤੇ ਖੁਰਾਕ ਵੰਡ ਪ੍ਰਣਾਲੀਆਂ ਪ੍ਰਤੀ ਅਪਣਾਈਆਂ ਖ਼ਤਰਨਾਕ ਨੀਤੀਆਂ ਦਾ ਸਿੱਟਾ ਹੈ ਕਿ ਦੁਨੀਆਂ ਦੇ ਕਰੋੜਾਂ ਪਰਵਾਰ ਆਪਣੇ ਬੱਚਿਆਂ ਨੂੰ ਲੋੜੀਂਦੀ ਖੁਰਾਕ ਦੇਣ ਤੋਂ ਵੀ ਅਸਮਰਥ ਹਨ। ਲਗਾਤਾਰ ਘਟ ਰਹੇ ਰੋਜ਼ਗਾਰ ਦੇ ਮੌਕੇ ਤੇ ਵਧ ਰਿਹਾ ਖੁਰਾਕੀ ਵਸਤੂਆਂ ਦਾ ਨਿੱਜੀ ਭੰਡਾਰੀਕਰਨ ਇਸ ਨੂੰ ਹੋਰ ਅੱਗੇ ਧੱਕਣ ਲਈ ਜ਼ਮੀਨ ਤਿਆਰ ਕਰ ਰਿਹਾ ਹੈ। ਦੁਨੀਆ ਦੀਆਂ ਸਰਕਾਰਾਂ ਸਮਾਜਿਕ ਸੁਰੱਖਿਆ ਦੀਆਂ ਜ਼ਿੰਮੇਵਾਰੀਆਂ ਤੋਂ ਲਗਾਤਾਰ ਪਿਛੇ ਹਟ ਰਹੀਆਂ ਹਨ।

ਭਾਰਤ ਵਿੱਚ 46 ਕਰੋੜ ਬੱਚੇ 18 ਸਾਲ ਤੋਂ ਘੱਟ ਉਮਰ ਦੇ ਹਨ ਅਤੇ ਸਰਕਾਰ ਦੇ ਮੁਤਾਬਕ ਹੀ 20.6 ਕਰੋੜ ਬੱਚੇ ਚੰਗੀ ਰਿਹਾਇਸ਼, ਲੋੜੀਂਦੀ ਖੁਰਾਕ ਜਾਂ ਵਿਦਿਆ ਵਰਗੀਆਂ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਹਨ। ਇਨ੍ਹਾਂ 20.6 ਕਰੋੜ ਬੱਚਿਆਂ ਨੂੰ ਨਾ ਪੀਣ ਲਈ ਸ਼ੁੱਧ ਪਾਣੀ ਮਿਲਦਾ ਹੈ, ਨਾ ਹੀ ਸਿਹਤ ਸੇਵਾਵਾਂ ਮੁਹੱਈਆ ਹੁੰਦੀਆਂ ਹਨ। ਇਨ੍ਹਾਂ ਵਿੱਚੋਂ 6.2 ਕਰੋੜ ਬੱਚੇ ਦੋ ਜਾਂ ਦੋ ਤੋਂ ਵੱਧ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਹਨ। ਹਾਲਾਂਕਿ ਸਰਕਾਰ ਇਹ ਦਾਅਵਾ ਕਰ ਰਹੀ ਹੈ ਕਿ 2030 ਤੱਕ ਇਹ ਅੰਕੜੇ ਘੱਟ ਕੇ ਅੱਧੇ ਰਹਿ ਜਾਣਗੇ, ਪਰ ਜਿਹੜੀਆਂ ਨੀਤੀਆਂ ਭਾਰਤ ਸਰਕਾਰ ਅਪਣਾ ਰਹੀ ਹੈ, ਜਿਸ ਕਾਰਨ ਰੋਜ਼ਗਾਰ ਦਰ ਡਿੱਗ ਰਹੀ ਅਤੇ ਅਸਥਾਈ ਰੋਜ਼ਗਾਰ ਦੇ ਨਾਲ-ਨਾਲ ਜਿਊਣ ਯੋਗ ਉਜਰਤ ਦੀ ਦਰ ਵੀ ਬਹੁਤ ਨੀਵੀਂ ਹੈ। ਉਧਰ ਖਾਧ ਭੰਡਾਰਨ ਨੂੰ ਨਿੱਜੀ ਹੱਥਾਂ ਵਿੱਚ ਦਿੱਤਾ ਜਾ ਰਿਹਾ ਹੈ ਤੇ ਵੰਡ ਪ੍ਰਣਾਲੀ ਪ੍ਰਤੀ ਕੋਈ ਠੋਸ ਨੀਤੀ ਨਹੀਂ। ਇਹ ਸੰਕੇਤ ਕਾਫ਼ੀ ਹਨ ਕਿ ਬੱਚਿਆਂ ਦੀ 20.6 ਕਰੋੜ ਆਬਾਦੀ ਵਿੱਚ ਤੇਜ਼ੀ ਨਾਲ ਵਾਧਾ ਹੋਵੇਗਾ, ਜੋ ਢਿਡ ਭਰਵੀਂ ਰੋਟੀ, ਪੀਣ ਯੋਗ ਪਾਣੀ, ਰਹਿਣ ਯੋਗ ਰਿਹਾਇਸ਼, ਵਿਦਿਆ ਤੇ ਸਿਹਤ ਤੋਂ ਵਾਂਝੇ ਹੋਣ ਵੱਲ ਵਧਣਗੇ।

ਉਪਰੋਕਤ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਬੱਚੇ ਜਿਥੇ ਸਰੀਰਕ ਤੌਰ 'ਤੇ ਅਸਮਰਥ ਮਨੁੱਖ ਬਣਨਗੇ, ਉਥੇ ਬੌਧਿਕ ਬੌਣੇਪਣ ਦਾ ਵੀ ਸ਼ਿਕਾਰ ਹੋਣਗੇ, ਜਿਸ ਦੇਸ਼ ਦੀ ਆਬਾਦੀ ਦਾ ਇਕ ਵੱਡਾ ਹਿੱਸਾ ਅੱਜ ਖੁਰਾਕੀ ਕਮਜ਼ੋਰੀ ਦਾ ਸ਼ਿਕਾਰ ਹੈ, ਕੱਲ੍ਹ ਉਹ ਦੇਸ਼ ਸਰੀਰਕ ਤੇ ਦਿਮਾਗੀ ਅਪਾਹਜਤਾ ਵਾਲਾ ਮੁਲਕ ਬਣ ਜਾਵੇਗਾ। ਚੰਦ ਕੁ ਘਰਾਣਿਆਂ ਦੀ ਪੂੰਜੀ ਦਾ ਵਧਣਾ, ਦੁਨੀਆ ਦੀ ਵੱਡੀ ਅਰਥ ਵਿਵਸਥਾ ਅਤੇ ਦੇਸ਼ ਦੇ ਵਿਕਾਸ ਦਾ ਪੈਮਾਨਾ ਨਹੀਂ ਬਣਦਾ, ਜਦੋਂ ਦੇਸ਼ ਦੀ ਵੱਡੀ ਅਬਾਦੀ ਭੁੱਖਮਰੀ ਤੇ ਸਰੀਰਕ, ਮਾਨਸਿਕ ਅਪਾਹਜਤਾ ਵੱਲ ਵਧ ਰਹੀ ਹੋਵੇ ਤਾਂ ਬੱਚਿਆਂ ਲਈ ਢਿੱਡ ਭਰਵੀਂ ਰੋਟੀ ਹੀ ਨਹੀਂ, ਪੌਸ਼ਟਿਕ ਖੁਰਾਕ, ਪੀਣ ਯੋਗ ਪਾਣੀ, ਤੰਦਰੁਸਤ ਲਈ ਰਹਿਣਯੋਗ ਰਿਹਾਇਸ਼, ਵਿਦਿਆ ਤੇ ਸਿਹਤ ਸਹੂਲਤਾਂ ਵਰਗੇ ਬੁਨਿਆਦੀ ਅਧਿਕਾਰਾਂ ਲਈ ਆਵਾਜ਼ ਕੌਣ ਉਠਾਵੇਗਾ ? ਦੇਸ਼ ਦੇ ਭਵਿੱਖ ਨੂੰ ਬਚਾਉਣ ਲਈ ਹਾਅ ਦਾ ਨਾਹਰਾ ਕੌਣ ਮਾਰੇਗਾ ?

**# ਸੰਪਰਕ : 93544-30211**

# ਸੰਸਕ੍ਰਿਤਕ ਸਤਿਕਾਰ ਕਿਵੇਂ ਟਕਰਾਅ ਘਟਾਉਂਦਾ ਹੈ ਅਤੇ ਏਕਤਾ ਬਣਾਉਂਦਾ ਹੈ


ਸੁਰਜੀਤ ਸਿੰਘ ਫਲੋਰਾ

ਝਗੜੇ ਅਕਸਰ ਵੱਡੀਆਂ ਵੱਖਰੀਆਂ ਸੋਚਾਂ ਤੋਂ ਨਹੀਂ, ਛੋਟੀ ਗਲਤਫਹਿਮੀ ਤੋਂ ਸ਼ੁਰੂ ਹੁੰਦੇ ਹਨ। ਜਿੱਥੇ ਲੋਕ ਵੱਖ-ਵੱਖ ਭਾਸ਼ਾਵਾਂ, ਖਾਣਿਆਂ, ਪਹਿਰਾਵਿਆਂ ਅਤੇ ਗੀਤਾਂ ਨਾਲ ਰਹਿੰਦੇ ਹਨ, ਉੱਥੇ ਇੱਕ ਹਾਵਭਾਵ, ਇੱਕ ਸ਼ਬਦ ਜਾਂ ਇੱਕ ਚੁੱਪ ਵੀ ਗਲਤ ਸਮਝੀ ਜਾ ਸਕਦੀ ਹੈ।

ਸੰਸਕ੍ਰਿਤਕ ਸਤਿਕਾਰ ਦਾ ਸਿੱਧਾ ਮਤਲਬ ਹੈ ਦੂਜੇ ਦੀ ਪਛਾਣ ਨੂੰ ਹਲਕਾ ਨਾ ਲੈਣਾ । ਇੰਟਰ ਕਲਚਰਲ ਕਾਬਲੀਅਤ ਇਸ ਤੋਂ ਅੱਗੇ ਜਾਂਦੀ ਹੈ, ਇਹ-ਦੂਜੇ ਦੇ ਤਰੀਕੇ ਨੂੰ ਸਮਝ ਕੇ ਗੱਲ ਕਰਨ ਦੀ ਆਦਤ ਹੈ। ਇਹ ਰਾਇ ਹੈ, ਤੱਥ ਨਹੀਂ ਅਤੇ ਸਮਾਜਿਕ ਗੱਲਬਾਤ ਵਿੱਚ ਵੀ ਐਸੀ ਸਪੱਸ਼ਟਤਾ ਤਣਾਅ ਘਟਾਉਂਦੀ ਹੈ। ਕੈਨੇਡਾ ਵਰਗੇ ਬਹੁ-ਸੰਸਕ੍ਰਿਤਕ ਦੇਸ਼ ਵਿੱਚ ਇਹ ਰਵੱਈਆ ਸਿਰਫ਼ ਸਜਣਤਾ ਨਹੀਂ, ਜਨਤਕ ਸ਼ਾਂਤੀ ਦਾ ਹਿੱਸਾ ਹੈ।

ਇੰਟਰ-ਕਲਚਰਲ ਕਾਬਲੀਅਤ ਸਿਰਫ਼ ਦੂਜਿਆਂ ਨੂੰ ਸਹਿਣਾ ਨਹੀਂ, ਇਹ ਇਸ ਗੱਲ ਨੂੰ ਸਮਝਣਾ ਹੈ ਕਿ ਹਰ ਸੰਸਕ੍ਰਿਤੀ ਦੇ ਆਪਣੇ ਸੰਕੇਤ, ਆਪਣੀ ਬੋਲਚਾਲ ਅਤੇ ਆਪਣੀ ਹੱਦ ਹੁੰਦੀ ਹੈ। ਜਦੋਂ ਕੋਈ ਵਿਅਕਤੀ ਇਹ ਜਾਣਦਾ ਹੈ ਕਿ ਸਾਹਮਣੇ ਵਾਲਾ ਕਿਵੇਂ ਸਲਾਮ ਕਰਦਾ ਹੈ, ਕਿਸ ਖਾਣੇ ਤੋਂ ਪਰਹੇਜ਼ ਕਰਦਾ ਹੈ ਜਾਂ ਕਿਸ ਤਰ੍ਹਾਂ ਦੀ ਗੱਲਬਾਤ ਨੂੰ ਆਦਰ ਸਮਝਦਾ ਹੈ, ਤਦ ਰਿਸ਼ਤਾ ਢਿੱਲਾ ਨਹੀਂ, ਮਜ਼ਬੂਤ ਹੁੰਦਾ ਹੈ।

ਕੈਨੇਡਾ ਵਿੱਚ ਇਹ ਕਾਬਲੀਅਤ ਘਰਾਂ, ਸਕੂਲਾਂ, ਦਫ਼ਤਰਾਂ ਅਤੇ ਜਨਤਕ ਜੀਵਨ ਦਾ ਹਿੱਸਾ ਹੈ । ਇੱਥੇ ਕਈ ਭਾਸ਼ਾਵਾਂ ਇਕੋ ਮੁਹੱਲੇ ਵਿੱਚ ਸੁਣੀਆਂ ਜਾਂਦੀਆਂ ਹਨ ਅਤੇ ਹਰ ਰੋਜ਼ ਲੋਕ ਇੱਕ-ਦੂਜੇ ਨਾਲ ਕੰਮ ਕਰਦੇ ਹਨ। ਇਸ ਲਈ ਸਤਿਕਾਰ ਇਕ ਨਰਮ ਗੁਣ ਨਹੀਂ ਰਹਿੰਦਾ, ਇਹ ਸਮਾਜਿਕ ਹੁਨਰ ਬਣ ਜਾਂਦਾ ਹੈ। ਜਦੋਂ ਲੋਕ ਫਰਕ ਨੂੰ ਖ਼ਤਰਾ ਨਹੀਂ, ਜਾਣਨ- ਸਮਝਣ ਯੋਗ ਗੱਲ ਮੰਨਦੇ ਹਨ, ਤਾਂ ਭਰੋਸਾ ਬਣਦਾ ਹੈ ਅਤੇ ਸਹਿਯੋਗ ਆਸਾਨ ਹੋ ਜਾਂਦਾ ਹੈ।

ਫਰਕ ਸਭ ਤੋਂ ਪਹਿਲਾਂ ਸਲਾਮ ਵਿੱਚ ਦਿਖਾਈ ਦਿੰਦੇ ਹਨ। ਕੋਈ ਹੱਥ ਮਿਲਾਉਂਦਾ ਹੈ, ਕੋਈ ਸਿਰ ਹਿਲਾਉਂਦਾ ਹੈ, ਕੋਈ ਅੱਖਾਂ ਮਿਲਾ ਕੇ ਬੋਲਦਾ ਹੈ ਤੇ ਕੋਈ ਗਲੇ ਮਿਲਦਾ ਹੈ, ਕੋਈ ਹੌਲੀ ਆਵਾਜ਼ ਵਿੱਚ ਆਦਰ ਦਿਖਾਉਂਦਾ ਹੈ। ਖਾਣ-ਪੀਣ ਵਿੱਚ ਵੀ ਅਜਿਹੇ ਸੰਕੇਤ ਮਿਲਦੇ ਹਨ, ਕਿਤੇ ਸ਼ਾਕਾਹਾਰੀ ਰਿਵਾਜ ਮਹੱਤਵਪੂਰਨ ਹੈ, ਕਿਤੇ ਕਿਸੇ ਧਾਰਮਿਕ ਕਾਰਨ ਕਰਕੇ ਮਾਸ ਨਹੀਂ ਖਾਧਾ ਜਾਂਦਾ।

ਪਹਿਰਾਵਾ ਅਤੇ ਤਿਉਹਾਰ ਵੀ ਓਨੇ ਹੀ ਅਹਿਮ ਹਨ। ਇੱਕ ਥਾਂ ਰੰਗੀਨ ਕੱਪੜਾ ਖੁਸ਼ੀ ਦਾ ਨਿਸ਼ਾਨ ਹੈ, ਦੂਜੀ ਥਾਂ ਸਾਦਗੀ ਸਤਿਕਾਰ ਮੰਨੀ ਜਾਂਦੀ ਹੈ। ਬੋਲਣ ਦੇ ਢੰਗ ਵੀ ਵੱਖਰੇ ਹੁੰਦੇ ਹਨ, ਕਿਤੇ ਸਿੱਧੀ ਗੱਲ ਆਮ ਹੈ, ਕਿਤੇ ਨਰਮੀ ਨਾਲ ਗੱਲ ਕਰਨੀ ਸ਼ਿਸ਼ਟਾਚਾਰ ਮੰਨੀ ਜਾਂਦੀ ਹੈ, ਇਹ ਫਰਕ ਅਸਧਾਰਨ ਨਹੀਂ, ਇਹ ਮਨੁੱਖੀ ਜੀਵਨ ਦੀ ਰੰਗਤ ਹਨ ।

ਜਿੱਥੇ ਨਾਗਰਿਕਤਾ ਸਿਰਫ਼ ਕਾਨੂੰਨੀ ਦਰਜਾ ਨਹੀਂ, ਸਾਂਝੀ ਜ਼ਿੰਮੇਵਾਰੀ ਵੀ ਹੈ, ਉੱਥੇ ਇਹ ਕਾਬਲੀਅਤ ਹੋਰ ਵੀ ਅਹਿਮ ਬਣ ਜਾਂਦੀ ਹੈ। ਏਕਤਾ ਉਸ ਵੇਲੇ ਬਣਦੀ ਹੈ, ਜਦੋਂ ਲੋਕ ਆਪਣੇ ਵਰਗਿਆਂ ਤੱਕ ਹੀ ਸੀਮਤ ਨਹੀਂ ਰਹਿੰਦੇ। ਉਹ ਦੂਜੇ ਦੇ ਤਜਰਬੇ ਨੂੰ ਵੀ ਸੁਣਦੇ ਹਨ, ਸਮਝਦੇ ਹਨ ਅਤੇ ਆਪਣੀ ਸੋਚ ਵਿੱਚ ਥਾਂ ਦਿੰਦੇ ਹਨ।

ਇਸ ਨਾਲ ਸ਼ਾਮਿਲੀਅਤ ਵਧਦੀ ਹੈ । ਜਦੋਂ ਕੋਈ ਵਿਅਕਤੀ ਮਹਿਸੂਸ ਕਰੇ ਕਿ ਉਸ ਦੀ ਭਾਸ਼ਾ ਜਾਂ ਰਵਾਇਤ ਮਖੌਲ ਦਾ ਕਾਰਨ ਨਹੀਂ, ਤਾਂ ਉਹ ਸਮਾਜ ਨਾਲ ਵਧੇਰੇ ਜੁੜਿਆ ਮਹਿਸੂਸ ਕਰਦਾ ਹੈ। ਇਸੇ ਤਰ੍ਹਾਂ ਜਦੋਂ ਲੋਕ ਅੰਤਰਾਂ ਨੂੰ ਸਮਝਦੇ ਹਨ ਤਾਂ ਭਰੋਸਾ ਵਧਦਾ ਹੈ ਤੇ ਭਰੋਸੇ ਨਾਲ ਸਹਿਯੋਗ ਵੀ ਪੱਕਾ ਹੁੰਦਾ ਹੈ ।

ਬੇਅਦਬੀ ਅਕਸਰ ਵੱਡੇ ਸ਼ੋਰ ਨਾਲ ਨਹੀਂ ਆਉਂਦੀ। ਕਈ ਵਾਰ ਇਹ ਹੱਸਣ ਦੇ ਰੂਪ ਵਿੱਚ ਆਉਂਦੀ ਹੈ, ਕਈ ਵਾਰ ਅੰਦਾਜ਼ੇ ਦੇ ਰੂਪ ਵਿੱਚ। ਕਿਸੇ ਦੀ ਬੋਲਚਾਲ ਦਾ ਮਜ਼ਾਕ, ਕਿਸੇ ਦੇ ਖਾਣੇ ਉੱਤੇ ਤਿੱਖੀ ਟਿੱਪਣੀ ਜਾਂ ਕਿਸੇ ਰਵਾਇਤ ਨੂੰ 'ਅਜੀਬ' ਕਹਿ ਦੇਣਾ, ਇਹ ਸਭ ਇੱਕ ਛੋਟੀ ਚੋਟ ਹੈ, ਜੋ ਰਿਸ਼ਤੇ ਨੂੰ ਖੁਰਚ ਸਕਦੀ ਹੈ।

ਇਹੀ ਥਾਂ ਹੈ ਜਿੱਥੇ ਸਤਿਕਾਰ ਕੰਮ ਆਉਂਦਾ ਹੈ। ਸਤਿਕਾਰ ਵਾਲਾ ਰਵੱਈਆ ਲੋਕਾਂ ਨੂੰ ਬਚਾਅ ਦੀ ਥਾਂ ਵਿਆਖਿਆ ਦਾ ਮੌਕਾ ਦਿੰਦਾ ਹੈ। ਫਿਰ ਗੱਲ ਸੁਧਰਦੀ ਹੈ, ਕਿਉਂਕਿ ਮਕਸਦ ਜਿੱਤਣਾ ਨਹੀਂ ਰਹਿੰਦਾ, ਸਮਝਣਾ ਬਣ ਜਾਂਦਾ ਹੈ। ਜਦੋਂ ਮਨੁੱਖੀ ਇਜ਼ਤ ਨੂੰ ਪਹਿਲ ਮਿਲਦੀ ਹੈ, ਤਾਂ ਸ਼ੱਕ ਘੱਟ ਹੁੰਦਾ ਹੈ ਅਤੇ ਗੁੱਸਾ ਵੀ ਹੌਲੀ ਪੈਂਦਾ ਹੈ।

ਸਪੱਸ਼ਟ ਬੋਲਣ ਨਾਲ ਗਲਤ ਅਰਥ ਘੱਟ ਹੁੰਦੇ ਹਨ। ਕਈ ਸੰਸਕ੍ਰਿਤੀਆਂ ਵਿੱਚ ਸਿੱਧੀ ਗੱਲ ਅਪਮਾਨ ਨਹੀਂ ਹੁੰਦੀ, ਪਰ ਕੁਝ ਥਾਵਾਂ 'ਤੇ ਇਹ ਰੁੱਖੀ ਲੱਗ ਸਕਦੀ ਹੈ। ਇਸ ਲਈ ਧੀਮਾ, ਸਾਫ਼ ਅਤੇ ਆਦਰ ਵਾਲਾ ਲਹਿਜ਼ਾ ਟਕਰਾਅ ਨੂੰ ਪਹਿਲੇ ਮੋੜ ਉੱਤੇ ਹੀ ਰੋਕ ਸਕਦਾ ਹੈ।

ਜਦੋਂ ਕਿਸੇ ਦੀ ਬੋਲਚਾਲ ਨੂੰ ਹਾਸੇ ਵਿੱਚ ਉਡਾਇਆ ਜਾਂਦਾ ਹੈ, ਉਸ ਦੀ ਪਹਿਰਾਵੇ ਨੂੰ ਤਾਨਾ ਬਣਾਇਆ ਜਾਂਦਾ ਹੈ ਜਾਂ ਉਸ ਦੇ ਭੋਜਨ ਨੂੰ ਘਟੀਆ ਦਿਖਾਇਆ ਜਾਂਦਾ ਹੈ, ਤਾਂ ਰਿਸ਼ਤੇ ਦੀ ਜ਼ਮੀਨ ਹਿੱਲ ਜਾਂਦੀ ਹੈ। ਅਜਿਹਾ ਵਰਤਾਰਾ ਲੋਕਾਂ ਨੂੰ ਨੇੜੇ ਨਹੀਂ ਲਿਆਉਂਦਾ, ਦੂਰ ਕਰਦਾ ਹੈ।

ਬਹੁਤ ਵਾਰ ਮੁੱਦਾ ਰਵਾਇਤ ਨਹੀਂ ਹੁੰਦੀ, ਮੁੱਦਾ ਅਣਜਾਣੇ ਵਿੱਚ ਕੀਤੀ ਗਈ ਬੇਅਦਬੀ ਹੁੰਦੀ ਹੈ, ਪਰ ਅਸਰ ਫਿਰ ਵੀ ਉਹੀ ਰਹਿੰਦਾ ਹੈ। ਇੱਕ ਛੋਟੀ ਨੀਵੀਂ ਟਿੱਪਣੀ, ਕਈ ਵਾਰ ਸਾਂਝੇ ਭਰੋਸੇ ਨੂੰ ਲੰਮੇ ਸਮੇਂ ਲਈ ਕਮਜ਼ੋਰ ਕਰ ਦਿੰਦੀ ਹੈ।

ਏਕਤਾ ਕਾਨੂੰਨਾਂ ਨਾਲ ਸ਼ੁਰੂ ਹੋ ਸਕਦੀ ਹੈ, ਪਰ ਰੋਜ਼ਾਨਾ ਵਰਤਾਅ ਨਾਲ ਪੱਕੀ ਹੁੰਦੀ ਹੈ। ਤਿਉਹਾਰਾਂ, ਸਮਾਜਿਕ ਮਿਲਣੀਆਂ, ਸਕੂਲੀ ਕਾਰਜਕ੍ਰਮਾਂ ਅਤੇ ਖੇਡਾਂ ਵਿੱਚ ਜਦੋਂ ਵੱਖ-ਵੱਖ ਪਿਛੋਕੜਾਂ ਵਾਲੇ ਲੋਕ ਇਕੱਠੇ ਆਉਂਦੇ ਹਨ, ਤਾਂ ਜਾਣ-ਪਛਾਣ ਬਣਦੀ ਹੈ। ਜਾਣ-ਪਛਾਣ ਤੋਂ ਬਿਨਾਂ ਸਤਿਕਾਰ ਅਧੂਰਾ ਰਹਿੰਦਾ ਹੈ।

ਕੈਨੇਡਾ ਦੇ ਕਈ ਸ਼ਹਿਰਾਂ ਵਿੱਚ ਕਲਚਰਲ ਡੇ, ਮਿਊਜ਼ਿਕ ਫੈਸਟੀਵਲ, ਸਪੋਰਟਸ ਈਵੈਂਟ ਅਤੇ ਕਮਿਊਨਿਟੀ ਇਕੱਠ ਲੋਕਾਂ ਨੂੰ ਇੱਕ ਸਾਂਝੇ ਮੈਦਾਨ ਵਿੱਚ ਲਿਆਉਂਦੇ ਹਨ। ਉੱਥੇ ਹਰ ਕੋਈ ਆਪਣੀ ਕਹਾਣੀ ਨਾਲ ਆਉਂਦਾ ਹੈ, ਪਰ ਵਾਪਸ ਇੱਕ-ਦੂਜੇ ਦੇ ਮੁੱਲਾਂ ਦੀ ਝਲਕ ਲੈ ਕੇ ਜਾਂਦਾ ਹੈ। ਇਹੀ ਸਾਂਝੀ ਹਾਜ਼ਰੀ ਸਮਾਜ ਨੂੰ ਕਾਗਜ਼ੀ ਸ਼ਬਦਾਂ ਤੋਂ ਹਕੀਕਤ ਬਣਾਉਂਦੀ ਹੈ।

ਜਦੋਂ ਬੱਚੇ ਇੱਕੋ ਮੰਚ 'ਤੇ ਗੀਤ ਗਾਉਂਦੇ ਹਨ, ਜਦੋਂ ਪਰਵਾਰ ਇੱਕੋ ਮੇਲੇ ਵਿੱਚ ਖਾਣਾ ਸਾਂਝਾ ਕਰਦੇ ਹਨ ਜਾਂ ਜਦੋਂ ਪੜੋਸੀ ਇੱਕ-ਦੂਜੇ ਦੇ ਤਿਉਹਾਰ ਵੇਖਣ ਆਉਂਦੇ ਹਨ, ਤਦ ਦੂਰੀ ਘਟਦੀ ਹੈ। ਇਹ ਮਿਲਣੀਆਂ ਰਸਮੀ ਨਹੀਂ ਰਹਿੰਦੀਆਂ, ਮਨੁੱਖੀ ਬਣ ਜਾਂਦੀਆਂ ਹਨ।

ਅਜਿਹੇ ਪਲਾਂ ਵਿੱਚ ਲੋਕ ਸਿਰਫ਼ ਨਾਂਅ ਨਹੀਂ, ਕਹਾਣੀਆਂ ਵੀ ਸਿੱਖਦੇ ਹਨ। ਉਹ ਜਾਣਦੇ ਹਨ ਕਿ ਕਿਸੇ ਦੇ ਪਿੱਛੇ ਕਿਹੜੀ ਭਾਸ਼ਾ, ਕਿਹੜੀ ਯਾਦ ਅਤੇ ਕਿਹੜੀ ਆਸ ਖੜੀ ਹੈ। ਇਹ ਜਾਣਕਾਰੀ ਹਮਦਰਦੀ ਨੂੰ ਜਨਮ ਦਿੰਦੀ ਹੈ।

ਸੜਕ ਸਾਫ਼, ਦਰੱਖਤ ਲਗਾਉਣ, ਗਰੀਬਾਂ ਦੀ ਮਦਦ ਜਾਂ ਸਥਾਨਕ ਪ੍ਰੋਜੈਕਟਾਂ ਵਿੱਚ ਸਾਂਝਾ ਕੰਮ, ਇਹ ਸਭ ਉਹ ਥਾਵਾਂ ਹਨ, ਜਿੱਥੇ ਪਿਛੋਕੜ ਤੋਂ ਵੱਧ ਮਕਸਦ ਦਿਖਾਈ ਦਿੰਦਾ ਹੈ। ਜਦੋਂ ਲੋਕ ਕਿਸੇ ਸਾਂਝੇ ਕੰਮ ਲਈ ਇਕੱਠੇ ਖੜੇ ਹੁੰਦੇ ਹਨ, ਤਾਂ ਉਨ੍ਹਾਂ ਵਿਚਲਾ ਫਰਕ ਪਿੱਛੇ ਰਹਿ ਜਾਂਦਾ ਹੈ।

ਸੇਵਾ ਦਾ ਕੰਮ ਭਾਸ਼ਾ ਨਹੀਂ ਪੁੱਛਦਾ, ਧਰਮ ਨਹੀਂ ਪੁੱਛਦਾ ਅਤੇ ਪਹਿਰਾਵੇ ਨਹੀਂ ਗਿਣਦਾ। ਉਹ ਸਿਰਫ਼ ਇਹ ਦੱਸਦਾ ਹੈ ਕਿ ਸਾਂਝੀ ਜ਼ਿੰਮੇਵਾਰੀ ਕਿੰਨੀ ਤਾਕਤਵਰ ਹੈ। ਇਸੇ ਵਿਚੋਂ ਏਕਤਾ ਦੀ ਸਭ ਤੋਂ ਠੋਸ ਸੋਚ ਨਿਕਲਦੀ ਹੈ।

ਸੰਸਕ੍ਰਿਤਕ ਸਤਿਕਾਰ, ਸਪੱਸ਼ਟ ਸੰਚਾਰ ਅਤੇ ਸਾਂਝੀ ਭਾਗੀਦਾਰੀ ਇਕੱਠੇ ਹੋ ਕੇ ਟਕਰਾਅ ਨੂੰ ਹਲਕਾ ਕਰਦੇ ਹਨ। ਇੰਟਰ-ਕਲਚਰਲ ਕਾਬਲੀਅਤ ਲੋਕਾਂ ਨੂੰ ਇਹ ਸਿਖਾਉਂਦੀ ਹੈ ਕਿ ਫਰਕ ਨੂੰ ਡਰ ਦੀ ਥਾਂ ਸਮਝ ਨਾਲ ਦੇਖਿਆ ਜਾਵੇ।

ਜਿੱਥੇ ਲੋਕ ਇਕ-ਦੂਜੇ ਨੂੰ ਮਾਣ ਦਿੰਦੇ ਹਨ, ਉੱਥੇ ਵੱਖ-ਵੱਖਤਾ ਰੁਕਾਵਟ ਨਹੀਂ ਰਹਿੰਦੀ। ਉਹ ਸਮਾਜਿਕ ਤਾਕਤ ਬਣ ਜਾਂਦੀ ਹੈ, ਅਤੇ ਏਕਤਾ ਵੀ ਉਥੋਂ ਹੀ ਜਨਮ ਲੈਂਦੀ ਹੈ।

# ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਅੱਜ ਪੰਜਾਬ ਰੋਡਵੇਜ਼ ਪਨਬਸ/ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਦੇਣਗੇ ਧਰਨਾ

**ਮੋਗਾ (ਇਕਬਾਲ ਸਿੰਘ ਖਹਿਰਾ)-** ਪੰਜਾਬ ਰੋਡਵੇਜ਼ ਪਨਬਸ/ਪੀ.ਆਰ.ਟੀ.ਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ 25/11 ਦੇ ਕਾਮਿਆਂ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ



ਆਵਾਜਾਈ ਠੱਪ ਕਰਕੇ ਕੀਤਾ ਬੱਸਾਂ ਦਾ ਚੱਕਾ ਜਾਮ ਕਰਕੇ ਮੋਗਾ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਸੂਬਾ ਸੀਨੀ ਮੀਤ ਪ੍ਰਧਾਨ ਬਲਜਿੰਦਰ ਸਿੰਘ ਸਿੰਘ ਨੇ ਦੱਸਿਆ ਕਿ ਪੰਜਾਬ ਵਿੱਚ ਭਗਵੰਤ ਮਾਨ ਸਰਕਾਰ ਬਣਨ ਨੂੰ ਚਾਰ ਸਾਲ ਤੋਂ ਵਧੇਰੇ ਦਾ ਸਮਾਂ ਬੀਤਣ ਦੇ ਬਾਵਜੂਦ ਇੱਕ ਵੀ ਸਰਕਾਰੀ ਵਿਭਾਗ ਦੀ ਮਾਲਕੀ ਵਾਲੀ ਬੱਸ ਨਹੀਂ ਪਈ ਗਈ। ਉਲਟਾ ਕਿਲੋਮੀਟਰ ਸਕੀਮ (ਪ੍ਰਾਈਵੇਟ ਬੱਸਾਂ) ਦੇ ਰਾਹੀਂ ਵਿਭਾਗਾਂ ਦੇ ਨਿੱਜੀਕਰਨ ਵੱਲ ਨੂੰ ਵੱਧ ਰਹੀ ਹੈ। ਸਰਕਾਰ ਯੂਨੀਅਨ ਦੇ ਵਰਕਰ ਅਤੇ ਆਗੂਆਂ 'ਤੇ ਨਜਾਇਜ਼ ਪਰਚੇ ਕਰਕੇ ਜੇਲ੍ਹਾਂ ਵਿੱਚ ਬੰਦ ਕਰਕੇ ਪ੍ਰਾਈਵੇਟ ਕਿਲੋਮੀਟਰ ਸਕੀਮ ਬੱਸਾਂ ਪਾਕੇ ਵਿਭਾਗ ਨੂੰ ਪ੍ਰਾਈਵੇਟੇਸ਼ਨ ਵੱਲ ਨੂੰ ਵਧਾਇਆ ਜਾ ਰਿਹਾ ਹੈ। ਆਪਣੇ ਚਹੇਤਿਆਂ ਨੂੰ ਲਾਭ ਦੇਣ ਲਈ ਕਿਲੋਮੀਟਰ ਸਕੀਮ ਬੱਸਾਂ ਪਾਈਆਂ ਜਾ ਰਹੀਆਂ ਹਨ ਅਤੇ ਮੁਲਾਜ਼ਮਾਂ ਨੂੰ ਪਿਛਲੇ 6 ਮਹੀਨਿਆਂ ਤੋਂ ਨਜਾਇਜ਼ ਜੇਲ੍ਹਾਂ ਵਿੱਚ ਬੰਦ ਕਰਕੇ ਰਿਹਾਅ ਨਹੀਂ ਕੀਤਾ ਜਾ ਰਿਹਾ। ਪੰਜਾਬ ਸਰਕਾਰ ਟਰਾਂਸਪੋਰਟ ਵਿਭਾਗ ਦੇ ਕੱਚੇ ਮੁਲਾਜ਼ਮਾਂ ਨਾਲ ਸਰਾਸਰ ਧੱਕਾ ਕਰ ਰਹੀ ਹੈ। ਜਿਸ ਦੇ ਵਿਰੋਧ ਵਿੱਚ ਜਦੋ ਵੀ ਕਿਲੋਮੀਟਰ ਸਕੀਮ ਬੱਸਾਂ ਨੂੰ ਝੰਡੀ ਦੇ ਕੇ ਚਲਾਉਣ ਦੀ ਕੋਸ਼ਿਸ਼ ਕੀਤੀ ਤਾਂ ਤੁਰੰਤ ਪਹਿਲਾ ਪਨਬੱਸ ਦਾ ਚੱਕਾ ਜਾਮ ਕਰਕੇ ਵਿਰੋਧ ਕੀਤਾ ਜਾਵੇਗਾ ਅਤੇ ਅਗਲੇ ਦਿਨ ਤੋਂ ਪੀ ਆਰ ਟੀ ਸੀ ਬੱਸਾਂ ਦਾ ਵੀ ਮੁਕੰਮਲ ਚੱਕਾ ਜਾਮ ਕਰਕੇ ਸਖਤ ਵਿਰੋਧ ਕੀਤਾ ਜਾਵੇਗਾ।

ਕਾਰਜਕਾਰੀ ਪ੍ਰਧਾਨ ਅਮਨਦੀਪ ਸਿੰਘ ਨੇ ਕਿਹਾ ਕਿ ਸਰਕਾਰ ਨੇ ਨਿੱਜੀਕਰਨ ਦਾ ਵਿਰੋਧ ਕਰਦੇ ਮੁਲਾਜ਼ਮਾਂ ਨੂੰ ਜੇਲਾਂ ਵਿੱਚ ਬੰਦ ਕਰਕੇ ਕਿਲੋਮੀਟਰ ਸਕੀਮ ਬੱਸਾਂ ਪਾਈਆਂ ਅਤੇ ਜਥੇਬੰਦੀ ਦੇ ਕੀਤੇ ਗਏ ਵਿਰੋਧ ਅਨੁਸਾਰ ਕੀਤੇ ਗਏ ਦਾਅਵਿਆਂ ਨੇ ਸਾਬਤ ਕਰ ਦਿੱਤਾ ਹੈ ਕਿ ਵਿਭਾਗ ਦੀਆਂ ਮਾਲਕੀ ਵਾਲੀਆਂ ਬੱਸਾਂ ਡਿਪੂਆਂ ਵਿੱਚ ਸਪੇਅਰ ਖੜ੍ਹੀਆਂ ਕਰਕੇ ਕਿਲੋਮੀਟਰ ਸਕੀਮ ਬੱਸਾਂ ਦਾ ਉਦਘਾਟਨ ਕਰਕੇ ਵਿਭਾਗਾਂ ਦੀ ਲੁੱਟ ਕਰਵਾਈ ਜਾ ਰਹੀ ਹੈ ਅਤੇ ਵਿਭਾਗਾਂ ਨੂੰ ਬੰਦ ਕਰਨ ਦੀਆਂ ਨੀਤੀਆਂ ਸਪਸ਼ਟ ਹਨ। 11 ਜੂਨ ਨੂੰ ਮੁੱਖ ਮੰਤਰੀ ਦੀ ਰਿਹਾਇਸ਼ +ਤੇ ਧਰਨਾ ਦਿੱਤਾ ਜਾਵੇਗਾ। ਇਸ ਮੌਕੇ ਗੁਰਜੰਟ ਸਿੰਘ, ਕੁਲਵਿੰਦਰ ਸਿੰਘ, ਕੁਲਦੀਪ ਸਿੰਘ, ਜਗਜੀਤ ਸਿੰਘ, ਸੁਰਜੀਤ ਸਿੰਘ, ਹਰਜਿੰਦਰ ਸਿੰਘ, ਰਮਨਦੀਪ ਆਦਿ ਵਰਕਰ ਹਾਜਰ ਸਨ।

# ਬੱਸ ਅੱਡਾ ਸ਼ਹਿਰ ਤੋਂ ਬਾਹਰ ਬਣਾਉਣ ਖ਼ਿਲਾਫ਼ ਸਰਕਾਰ ਨੂੰ ਚਿਤਾਵਨੀ

**ਬਠਿੰਡਾ (ਪਰਵਿੰਦਰ ਜੀਤ ਸਿੰਘ) :** ਅੰਬੇਦਕਰ ਚੌਕ ਨੇੜੇ ਬੱਸ ਸਟੈਂਡ ਬਚਾਓ ਸੰਘਰਸ਼ ਕਮੇਟੀ ਦੀ ਇੱਕ ਵਿਸ਼ਾਲ ਮੀਟਿੰਗ ਹੋਈ, ਜਿਸ ਵਿੱਚ ਸ਼ਹਿਰ ਦੇ ਮੌਜੂਦਾ ਬੱਸ ਅੱਡੇ ਨੂੰ ਬਚਾਉਣ ਅਤੇ ਇਸ ਨੂੰ ਸ਼ਹਿਰ ਤੋਂ ਬਾਹਰ ਤਬਦੀਲ ਕਰਨ ਦੀਆਂ ਸੰਭਾਵਿਤ ਕੋਸ਼ਿਸ਼ਾਂ ਵਿਰੁੱਧ ਅਗਲੀ ਰਣਨੀਤੀ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਕਮੇਟੀ ਦੇ ਪ੍ਰਧਾਨ ਬਲਤੇਜ ਸਿੰਘ ਵਾਂਦਰ ਨੇ ਦੱਸਿਆ ਕਿ ਸ਼ਹਿਰ ਵਿਚਲੇ ਬੱਸ ਅੱਡੇ ਨੂੰ ਬਚਾਉਣ ਲਈ ਇੱਕ ਸਾਲ ਤੋਂ ਵੱਧ ਸਮੇਂ ਤੱਕ ਚੱਲੇ ਸੰਘਰਸ਼ ਅਤੇ ਧਰਨੇ ਨੂੰ ਆਮ ਆਦਮੀ ਪਾਰਟੀ ਦੇ ਪ੍ਰਮੁੱਖ ਆਗੂ ਅਤੇ ਸਾਬਕਾ ਮੇਅਰ ਪਦਮਜੀਤ ਸਿੰਘ ਮਹਿਤਾ ਵੱਲੋਂ ਦਿੱਤੇ ਗਏ ਭਰੋਸੇ ਦੇ ਆਧਾਰ 'ਤੇ ਸਮਾਪਤ ਕੀਤਾ ਗਿਆ ਸੀ। ਪਰ ਹੁਣ ਕਮੇਟੀ ਨੂੰ ਇਹ ਜਾਣਕਾਰੀ ਪ੍ਰਾਪਤ ਹੋਈ ਹੈ ਕਿ ਸ਼ਹਿਰ ਤੋਂ ਬਾਹਰ ਪ੍ਰਸਤਾਵਿਤ ਨਵੇਂ ਬੱਸ ਅੱਡੇ ਵਾਲੀ ਜਗ੍ਹਾ ਦਾ ਸਰਵੇਖਣ ਕਰਨ ਲਈ ਬੀਤੇ ਦਿਨੀਂ ਦਿੱਲੀ ਦੀ ਇੱਕ ਕੰਸਟਰਕਸ਼ਨ ਕੰਪਨੀ ਦੇ ਨੁਮਾਇੰਦੇ ਆਏ ਸਨ। ਇਸ ਤੋਂ ਇਹ ਸ਼ੰਕਾ ਪੈਦਾ ਹੁੰਦੀ ਹੈ ਕਿ ਸਰਕਾਰ ਅਜੇ ਵੀ ਬੱਸ ਅੱਡੇ ਨੂੰ ਸ਼ਹਿਰ ਦੀਆਂ ਸਹੂਲਤਾਂ ਅਤੇ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਤਬਦੀਲ ਕਰਨ ਦੀ ਯੋਜਨਾ 'ਤੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਅਜਿਹੀ ਕੋਈ ਵੀ ਕੋਸ਼ਿਸ਼ ਕੀਤੀ ਗਈ ਤਾਂ ਕਮੇਟੀ ਪਹਿਲਾਂ ਨਾਲੋਂ ਹੋਰ ਮਜ਼ਬੂਤੀ ਅਤੇ ਵਿਆਪਕ ਪੱਧਰ 'ਤੇ ਸੰਘਰਸ਼ ਸ਼ੁਰੂ




ਕਰੇਗੀ। ਕਮੇਟੀ ਵੱਲੋਂ ਬੋਲਦਿਆਂ ਗੁਰਪ੍ਰੀਤ ਆਰਟਿਸਟ ਨੇ ਕਿਹਾ ਕਿ ਗੁਰੂ ਨਾਨਕ ਦੇਵ ਥਰਮਲ ਪਲਾਂਟ ਦੀ ਸੁਆਹ ਵਾਲੀ ਜਗ੍ਹਾ (ਐਸ਼ ਡਾਈਕ) ਉੱਤੇ ਬੱਸ ਸਟੈਂਡ ਅਤੇ ਰਿਹਾਇਸ਼ੀ ਕਲੋਨੀ ਬਣਾਉਣ ਦੀ ਯੋਜਨਾ ਮਨੁੱਖੀ ਸਿਹਤ ਅਤੇ ਵਾਤਾਵਰਨ ਲਈ ਗੰਭੀਰ ਖ਼ਤਰਾ ਬਣ ਸਕਦੀ ਹੈ। ਸੰਦੀਪ ਬੋਬੀ ਐਮ.ਸੀ. ਨੇ ਕਿਹਾ ਕਿ ਮੌਜੂਦਾ ਬੱਸ ਅੱਡਾ ਕਾਲਜਾਂ, ਹਸਪਤਾਲਾਂ, ਅਦਾਲਤਾਂ ਅਤੇ ਰੇਲਵੇ ਸਟੇਸ਼ਨ ਦੇ ਬਿਲਕੁਲ ਨੇੜੇ ਹੋਣ ਕਾਰਨ ਲੱਖਾਂ ਲੋਕਾਂ ਲਈ ਬਹੁਤ ਹੀ ਸੁਖਾਲਾ ਅਤੇ ਪਹੁੰਚਯੋਗ ਹੈ। ਇਸ ਨੂੰ ਸ਼ਹਿਰ ਤੋਂ ਬਾਹਰ ਲਿਜਾਣ ਨਾਲ ਰੋਜ਼ਾਨਾ ਸਫ਼ਰ ਕਰਨ ਵਾਲੇ ਹਜ਼ਾਰਾਂ ਮਰੀਜ਼ਾਂ, ਬਜ਼ੁਰਗਾਂ ਅਤੇ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਵਿੱਚ ਵੱਡਾ ਵਾਧਾ ਹੋਵੇਗਾ। ਹਰਵਿੰਦਰ ਸਿੰਘ ਹੈਪੀ ਨੇ ਕਿਹਾ ਕਿ ਬੱਸ ਅੱਡਾ ਬਾਹਰ ਜਾਣ ਨਾਲ ਹਸਪਤਾਲਾਂ ਤੱਕ ਮਰੀਜ਼ਾਂ ਦੀ ਪਹੁੰਚ ਮਹਿੰਗੀ ਅਤੇ ਔਖੀ ਹੋ ਜਾਵੇਗੀ। ਇਸ ਦੌਰਾਨ ਹੋਰਨਾਂ ਤੋਂ ਇਲਾਵਾ ਬਲਤੇਜ ਸਿੰਘ ਵਾਂਦਰ, ਹਰਵਿੰਦਰ ਸਿੰਘ ਹੈਪੀ (ਟਰਾਂਸਪੋਰਟ ਯੂਨੀਅਨ), ਬਲਵਿੰਦਰ ਸਿੰਘ ਬਾਹੀਆ (ਵਪਾਰ ਮੰਡਲ), ਸੰਦੀਪ ਬੋਬੀ ਐਮ.ਸੀ., ਕੰਵਲਜੀਤ ਸਿੰਘ ਭੰਗੂ ਐਮ.ਸੀ., ਪ੍ਰਿੰਸੀਪਲ ਰਣਜੀਤ ਸਿੰਘ, ਡਾ. ਅਜੀਤ ਪਾਲ, ਸੁਖਦੇਵ ਸਿੰਘ, ਰਵਿੰਦਰ ਟੈਣੀ, ਆਤਮਾ ਸਿੰਘ (ਟਰੱਕ ਅਪਰੇਟਰ ਯੂਨੀਅਨ), ਬਿਸ਼ਨਦੀਪ ਕੌਰ (ਐਡਵੋਕੇਟ), ਅਰਸ਼ਵੀਰ ਸਿੱਧੂ (ਪ੍ਰਧਾਨ, ਯੂਥ ਕਾਂਗਰਸ), ਸੰਦੀਪ ਅਗਰਵਾਲ (ਦੁਕਾਨਦਾਰ ਯੂਨੀਅਨ) ਅਤੇ ਮਲਕੀਤ ਸਿੰਘ (ਜਮਹੂਰੀ ਅਧਿਕਾਰ ਸਭਾ) ਹਾਜ਼ਰ ਸਨ।

# ਹੈਰੋਇਨ ਸਣੇ 2 ਗ੍ਰਿਫ਼ਤਾਰ

**ਜਲਾਲਾਬਾਦ (ਜੀਤ ਕੁਮਾਰ)-** ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ 4 ਗ੍ਰਾਮ ਹੈਰੋਇਨ ਸਣੇ 2 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਜਗਜੀਤ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਨ ਲਈ ਪਿੰਡ ਬੱਘੇਕੇ ਮੋੜ, ਨਾਨਕ ਨਗਰੀ, ਸੋਹਣਾ ਸਾਂਦੜ, ਮੋਹਰ ਸਿੰਘ ਵਾਲਾ ਆਦਿ ਲਈ ਰਵਾਨਾ ਸੀ ਅਤੇ ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਐਫ.ਐਫ. ਰੋਡ ਬੱਸ ਅੱਡਾ ਸੋਹਣਾ ਸਾਂਦੜ ਮੌਜੂਦ ਸੀ ਤਾਂ ਸਾਹਮਣੇ ਤੋਂ ਦੋ ਨੌਜਵਾਨ ਆਉਂਦੇ ਦਿਖਾਈ ਦਿੱਤੇ, ਜੋ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਕੇ ਹੱਥ ਵਿੱਚ ਫੜੇ ਲਿਫਾਫਿਆਂ ਨੂੰ ਹੇਠਾ ਸੁੱਟ ਦਿੱਤਾ ਅਤੇ ਅੱਗੇ ਤੁਰਨ ਲੱਗੇ, ਜਿਨ੍ਹਾਂ ਨੂੰ ਪੁਲਸ ਨੇ ਕਾਬੂ ਕਰਕੇ ਤਲਾਸ਼ੀ ਕੀਤੀ ਤਾਂ ਉਨ੍ਹਾਂ ਲਿਫਾਫਿਆਂ ਵਿਚੋਂ 2-2 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਗੁਰਮੇਲ ਸਿੰਘ ਪੁੱਤਰ ਭਗਵਾਨ ਸਿੰਘ ਵਾਸੀ ਹਜਾਰਾ ਰਾਮ ਸਿੰਘ ਵਾਲਾ ਅਤੇ ਪਰਮਜੀਤ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਢੰਡੀ ਖੁਰਦ ਉਰਫ ਸ਼ਾਹੇ ਵਾਲਾ ਨੂੰ ਹੈਰੋਇਨ ਸਣੇ ਕਾਬੂ ਕਰਨ ਉਪਰੰਤ ਥਾਣਾ ਸਦਰ ਜਲਾਲਾਬਾਦ ਵਿਖ ਮੁਕੱਦਮਾ ਦਰਜ ਕੀਤਾ ਹੈ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਵੀਨ ਵਿਖੇ ਪ੍ਰਭਾਤ ਫੇਰੀਆਂ 12 ਤੋਂ

**ਬੁਢਲਾਡਾ (ਅਸ਼ੋਕ ਲਾਕੜਾ)-** ਸ਼ਾਂਤੀ ਦੇ ਪੁੰਜ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਹਾਨ ਸ਼ਹੀਦੀ ਗੁਰਪੁਰਬ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਨਵੀਨ ਬੁਢਲਾਡਾ ਵਿਖੇ 16, 17 ਅਤੇ 18 ਜੂਨ ਨੂੰ ਸਮੂਹ ਸਾਧ ਸੰਗਤ ਵੱਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।ਇਸ ਸਬੰਧੀ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਰਦਾਰ ਗੁਰਨਾਮ ਸਿੰਘ ਕੋਹਲੀ ਨੇ ਕਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪ੍ਰਭਾਤ ਫੇਰੀਆਂ 12 ਜੂਨ ਦਿਨ ਸ਼ੁੱਕਰਵਾਰ ਤੋਂ ਆਰੰਭ ਹੋਣਗੀਆਂ ਜੋ ਕਿ ਪੰਜ ਦਿਨ 16 ਜੂਨ ਤੱਕ ਸਵੇਰੇ 4:30 ਵਜੇ ਤੋਂ ਗੁਰਦੁਆਰਾ ਸਾਹਿਬ ਤੋਂ ਰਵਾਨਾ ਹੋ ਕੇ ਰੋਜ਼ਾਨਾ ਨਿਰੰਤਰ ਜਾਰੀ ਰਹਿਣਗੀਆਂ।

ਉਨ੍ਹਾਂ ਦੱਸਿਆ ਕਿ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਮਾਤਾ ਸਾਹਿਬ ਕੌਰ ਸੁਖਮਨੀ ਸੇਵਾ ਸੁਸਾਇਟੀ ਵੱਲੋਂ ਬੀਬੀਆਂ ਦੇ 40 ਦਿਨਾਂ ਸੁਖਮਨੀ ਸਾਹਿਬ ਦੇ ਪਾਠਾਂ ਦੇ ਭੋਗ 14 ਜੂਨ ਦਿਨ ਐਤਵਾਰ ਨੂੰ ਸ਼ਾਮ 6 ਵਜੇ ਪਾਏ ਜਾਣਗੇ।16 ਜੂਨ ਨੂੰ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪ੍ਰਕਾਸ਼ ਸਵੇਰੇ 10 ਵਜੇ ਰੱਖੇ ਜਾਣਗੇ ਅਤੇ ਦੁਪਹਿਰ 2 ਵਜੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਮਹਾਨ ਅਲੌਕਿਕ ਨਗਰ ਕੀਰਤਨ ਕੱਢਿਆ ਜਾਵੇਗਾ। 18 ਜੂਨ ਨੂੰ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਵੇਰੇ 9 ਵਜੇ ਪਾਏ ਜਾਣਗੇ।

ਉਪਰੰਤ 9 ਤੋਂ 11:30 ਵਜੇ ਤੱਕ ਕੀਰਤਨ ਦਰਬਾਰ ਕਰਵਾਇਆ ਜਾਵੇਗਾ। ਇਸ ਮੌਕੇ ਭਾਈ ਗੁਰਨਾਮ ਸਿੰਘ ਜੀ ਰਾਮਾ ਮੰਡੀ ਵਾਲੇ, ਹਜ਼ੂਰੀ ਰਾਗੀ ਭਾਈ ਗੁਰਮੇਲ ਸਿੰਘ ਅਤੇ ਭਾਈ ਕਿਰਪਾਲ ਸਿੰਘ ਕਥਾ ਕੀਰਤਨ ਰਾਹੀਂ ਗੁਰੂ ਜਸ ਸਰਵਣ ਕਰਵਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ।

# ਨਰੇਗਾ ਮੁਲਾਜ਼ਮਾਂ ਵੱਲੋਂ ਮੰਗਾਂ ਨੂੰ ਲੈ ਕੇ ਡੀ ਸੀ ਦਫਤਰ ਦੇ ਬਾਹਰ ਰੋਸ ਪ੍ਰਦਰਸ਼ਨ

**ਮੋਗਾ (ਇਕਬਾਲ ਸਿੰਘ ਖਹਿਰਾ)-** ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵਿੱਚ ਨਰੇਗਾ ਤਹਿਤ ਆਰਜ਼ੀ ਅਸਾਮੀਆਂ ਤੇ ਠੇਕਾ ਆਧਾਰਿਤ ਨੌਕਰੀ ਕਰ ਰਹੇ ਨਰੇਗਾ ਮੁਲਾਜ਼ਮਾਂ ਵੱਲੋਂ ਆਪਣੀਆਂ ਸੇਵਾਵਾਂ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵਿੱਚ ਮਰਜ਼ ਕਰਕੇ ਪੱਕੀਆਂ ਕਰਵਾਉਣ ਦੀ ਮੰਗ ਨੂੰ ਲੈ ਕੇ ਚੱਲ ਰਹੇ ਸੰਘਰਸ਼ਾਂ ਦੀ ਲੜੀ ਤਹਿਤ ਬਲਾਕ ਪੱਧਰੀ ਧਰਨਾ 9ਵੇਂ ਦਿਨ ਜ਼ਿਲ੍ਹਾ ਪ੍ਰੀਸ਼ਦ ਦਫ਼ਤਰ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸਾਹਮਣੇ ਜਾਰੀ ਰਿਹਾ। ਇਸ ਸਮੇਂ ਵਿਭਾਗ ਵੱਲੋਂ 9 ਜੂਨ ਨੂੰ ਨਰੇਗਾ ਮੁਲਾਜ਼ਮਾਂ ਦੀ ਹੜਤਾਲ ਕਾਰਨ ਨਰੇਗਾ ਦੇ ਕੰਮਾਂ ਦੀ ਪ੍ਰਗਤੀ ਦੇ ਮਾੜਾ ਪ੍ਰਭਾਵ ਪੈਣ ਦਾ ਹਵਾਲਾ ਦੇ ਕੇ ਨਰੇਗਾ ਦੇ ਕੰਮ ਚਲਾਉਣ ਦਾ ਅਧਿਕਾਰ ਪੰਜਾਬ ਸਟੇਟ ਰੂਰਲ ਲਿਵਲੀਹੁੱਡ ਮਿਸ਼ਨ ਦੇ ਵਰਕਰਾਂ ਰਾਹੀਂ ਕਰਵਾਉਣ ਦੇ ਕੱਢੇ ਪੱਤਰ ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਬੁੱਟਰ ਨੇ ਦੱਸਿਆ ਕਿ ਅਜਿਹੇ ਪੱਤਰ ਕੱਢਣ ਦਾ ਸਿੱਧਾ ਮਤਲਬ ਹੈ ਕਿ ਵਿਭਾਗ 'ਤੇ ਧਰਨੇ ਦਾ ਵੱਡਾ ਪ੍ਰਭਾਵ ਹੈ। ਅਸੀਂ ਅਜਿਹੇ ਪੱਤਰਾਂ ਤੋਂ ਡਰਨ ਵਾਲੇ ਨਹੀਂ। ਪੰਜਾਬ ਭਰ ਵਿੱਚ



ਇੱਕ ਵੀ ਮੁਲਾਜ਼ਮ ਨਰੇਗਾ ਦਾ ਕੰਮ ਪੱਕੇ ਹੋਣ ਤੱਕ ਨਹੀਂ ਕਰੇਗਾ। ਉਨ੍ਹਾਂ ਦੱਸਿਆ ਕਿ ਪਿਛਲੇ ਲਗਭਗ 17 -18 ਸਾਲ ਤੋਂ ਉਹ ਕੱਚੀ ਨੌਕਰੀ ਕਰ ਰਹੇ ਹਨ। ਹਰ ਸਮੇਂ ਨੌਕਰੀ ਤੋਂ ਕੱਢ ਦੇਣ, ਤਨਖ਼ਾਹ ਰੋਕ ਲੈਣ, ਦੂਰ-ਦੁਰਾਡੇ ਬਦਲੀ ਕਰਨ ਦਾ ਡਰ ਉਨ੍ਹਾਂ ਦੇ ਮਨਾਂ ਅੰਦਰ ਬਣਿਆ ਰਹਿੰਦਾ ਹੈ। ਅਫ਼ਸਰਸ਼ਾਹੀ ਵੱਲੋਂ ਨਰੇਗਾ ਤੋਂ ਇਲਾਵਾ ਹਰ ਤਰ੍ਹਾਂ ਦੇ ਪੇਂਡੂ ਵਿਕਾਸ ਨਾਲ ਸੰਬੰਧਤ ਕੰਮ ਨਰੇਗਾ ਮੁਲਾਜ਼ਮਾਂ ਤੋਂ ਲਏ ਜਾਂਦੇ ਹਨ। ਜੇਕਰ ਉਹ ਵਾਧੂ ਕੰਮਾਂ ਨੂੰ ਕਰਨ ਤੋਂ ਇਨਕਾਰ ਕਰਦੇ ਹਨ ਤਾਂ ਉਨ੍ਹਾਂ ਦਾ ਕੰਟਰੈਕਟ ਰੋਕ ਲੈਣ, ਬਦਲੀ ਕਰਨ ਵਰਗੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸਮੂਹ ਨਰੇਗਾ ਮੁਲਾਜ਼ਮਾਂ ਦੀ ਭਰਤੀ ਪੂਰੇ ਪਾਰਦਰਸ਼ੀ ਢੰਗ ਨਾਲ ਰੈਗੂਲਰ ਭਰਤੀ ਲਈ ਅਪਣਾਏ ਜਾਂਦੇ ਤੈਅ ਮਾਪਦੰਡਾਂ ਅਨੁਸਾਰ ਬਿਲਕੁਲ ਨਿਗੂਣੀਆਂ ਤਨਖ਼ਾਹਾਂ 'ਤੇ ਕੀਤੀ ਗਈ ਸੀ। ਅੱਜ 18 ਸਾਲ ਬਾਅਦ ਵੀ ਪਿਛਲੇ ਛੇ ਮਹੀਨਿਆਂ ਤੋਂ ਤਨਖ਼ਾਹਾਂ ਬਕਾਇਆ ਹਨ।ਉਨ੍ਹਾਂ ਦੱਸਿਆ ਕਿ ਨਰੇਗਾ ਮੁਲਾਜ਼ਮਾਂ ਨੂੰ ਕੋਈ ਵੀ ਮੈਡੀਕਲ ਸਹੂਲਤ ਨਹੀਂ ਦਿੱਤੀ ਜਾਂਦੀ। ਡਿਊਟੀ ਦੌਰਾਨ ਹੋਏ ਹਾਦਸਿਆਂ ਕਾਰਨ ਕਈ ਮੁਲਾਜ਼ਮਾਂ ਦੀ ਮੌਤ ਹੋ ਚੁੱਕੀ ਹੈ, ਵਾਰਸ ਰੁਲ ਰਹੇ ਹਨ। ਕਿਸੇ ਵੀ ਮ੍ਰਿਤਕ ਮੁਲਾਜ਼ਮ ਦੇ ਵਾਰਸ ਨੂੰ ਤਰਸ ਦੇ ਆਧਾਰ 'ਤੇ ਨੌਕਰੀ ਨਹੀਂ ਮਿਲੀ। ਭਿਆਨਕ ਹਾਦਸਿਆਂ ਦੌਰਾਨ ਆਪਣੇ ਅੰਗ ਤੱਕ ਗੁਆ ਚੁੱਕੇ ਮੁਲਾਜ਼ਮਾਂ ਨੂੰ ਵੀ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ। ਵਿਭਾਗ ਦੀ ਅਫ਼ਸਰਸ਼ਾਹੀ ਆਪਣੀ ਜ਼ੁੰਮੇਵਾਰੀ ਤੋਂ ਹਮੇਸ਼ਾ ਹੀ ਭੱਜਦੀ ਰਹੀ ਹੈ। ਮਾਨ ਸਰਕਾਰ ਵੱਲੋਂ 65048 ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਜੋ ਕਾਨੂੰਨ ਬਣਾਇਆ ਗਿਆ ਹੈ ਉਸ ਵਿੱਚ ਵੀ ਕੇਂਦਰੀ ਸਕੀਮਾਂ ਦੇ ਮੁਲਾਜ਼ਮਾਂ ਨੂੰ ਨਹੀਂ ਲਿਆ ਜਾ ਰਿਹਾ।ਉਨ੍ਹਾਂ ਦੱਸਿਆ ਕਿ ਨਰੇਗਾ ਮੁਲਾਜ਼ਮਾਂ ਨਾਲ ਹੀ ਇਹ ਵਿਤਕਰਾ ਕਿਉਂ ਕੀਤਾ ਜਾਂਦਾ ਹੈ।

ਪਿਛਲੇ ਹਫ਼ਤੇ 1 ਜੂਨ ਨੂੰ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦੀ ਅਗਵਾਈ ਹੇਠ ਹੋਈ ਪੈਨਲ ਮੀਟਿੰਗ ਵਿੱਚ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਅਗਲੇ ਦੋ ਦਿਨਾਂ ਵਿੱਚ ਪ੍ਰੋਸੋਨਲ ਵਿਭਾਗ ਤੋਂ ਨਰੇਗਾ ਮੁਲਾਜ਼ਮਾਂ ਨੂੰ ਪੰਚਾਇਤ ਵਿਭਾਗ ਵਿੱਚ ਮਰਜ਼ ਕਰਕੇ ਪੱਕੇ ਕਰਨ ਦਾ ਕੋਈ ਹੱਲ ਲੱਭ ਕੇ ਲਿਆਉਣਗੇ ਪ੍ਰੰਤੂ ਨਾ ਤਾਂ ਕੋਈ ਅਫ਼ਸਰ ਇਸ ਮਸਲੇ ਨੂੰ ਸੁਲਝਾਉਣ ਲਈ ਕੁੱਝ ਕਰ ਰਿਹਾ ਹੈ ਅਤੇ ਨਾ ਹੀ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਯੂਨੀਅਨ ਨੂੰ ਕੋਈ ਅਗਾਮੀ ਮੀਟਿੰਗ ਸੰਬੰਧੀ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸੂਬਾ ਭਰ ਦੇ ਨਰੇਗਾ ਮੁਲਾਜ਼ਮਾਂ ਵਿੱਚ ਗਹਿਰਾ ਰੋਸ ਪਾਇਆ ਜਾ ਰਿਹਾ ਹੈ। ਇਸ ਸਮੇਂ ਸਮੂਹ ਕਰਮਚਾਰੀ ਹਾਜ਼ਰ ਹੋਏ।

# ਆਤਮ ਹੱਤਿਆ ਕਰਨ ਦੇ ਦੋਸ਼ 'ਚ 4 ਵਿਰੁੱਧ ਮੁਕੱਦਮਾ ਦਰਜ

**ਜਲਾਲਾਬਾਦ (ਜੀਤ ਕੁਮਾਰ)-** ਥਾਣਾ ਵੈਰੋਕੇ ਦੀ ਪੁਲਸ ਵੱਲੋਂ ਆਪਣੀ ਪਤਨੀ ਅਤੇ ਸਹੁਰੇ ਪਰਵਾਰ ਤੋਂ ਤੰਗ ਆ ਕੇ ਆਤਮ ਹੱਤਿਆ ਕਰਨ ਦੇ ਦੋਸ਼ ਵਿਚ 4 ਲੋਕਾਂ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਕੇਵਲ ਕ੍ਰਿਸ਼ਨ ਨੇ ਦੱਸਿਆ ਕਿ ਸ਼ਿਕਾਇਤਕਰਤਾ ਗੋਪੀ ਰਾਮ ਪੁੱਤਰ ਚਾਂਦ ਰਾਮ ਵਾਸੀ ਚੱਕ ਸੈਦੋਕੇ ਵੱਲੋਂ ਪੁਲਸ ਕੋਲ ਬਿਆਨ ਦਰਜ ਕਰਵਾਏ ਹਨ ਕਿ ਮਿਤੀ 8 ਜੂਨ 2026 ਨੂੰ ਕਰੀਬ 11 ਵਜੇ ਉਹ ਆਪਣੇ ਪਰਵਾਰ ਸਮੇਤ ਰੋਟੀ ਖਾ ਕੇ ਸੌਂ ਗਏ ਅਤੇ ਜਦੋਂ ਉਸ ਨੇ ਦੇਰ ਰਾਤ ਉਠ ਕੇ ਦੇਖਿਆ ਤਾਂ ਉਸ ਦਾ ਲੜਕਾ ਸੰਦੀਪ ਰਾਮ ਆਪਣੇ ਮੰਜੇ 'ਤੇ ਮੌਜੂਦ ਨਹੀਂ ਸੀ, ਜਿਸ ਦੀ ਭਾਲ ਕਰਨ ਅਤੇ ਰਿਸ਼ਤੇਦਾਰਾਂ ਨੂੰ ਫੋਨ ਕਰਨ 'ਤੇ ਪਤਾ ਨਹੀਂ ਲੱਗ ਸਕਿਆ। 9 ਜੂਨ ਨੂੰ ਸਵੇਰੇ ਕਰੀਬ 6 ਵਜੇ ਉਹ ਭਾਲ ਕਰਦੇ ਹੋਏ ਜਦੋਂ ਗੰਗ ਕਨਾਲ ਨਹਿਰ ਦੇ ਕੋਲ ਪੁੱਜੇ ਤਾਂ ਪਟੜੀ ਤੋਂ ਕਰੀਬ 100 ਮੀਟਰ ਅੱਗੇ ਦਰੱਖਤ ਨਾਲ ਸੰਦੀਪ ਰਾਮ ਦੀ ਲਾਸ਼ ਲਟਕਦੀ ਹੋਈ ਮਿਲੀ, ਜਿਸ ਦੀ ਮੌਤ ਹੋ ਚੁੱਕੀ ਸੀ। ਉਸ ਨੇ ਦੱਸਿਆ ਕਿ ਉਸ ਦੇ ਲੜਕੇ ਦੀ ਸ਼ਾਦੀ ਕਰੀਬ 5 ਮਹੀਨੇ ਪਹਿਲਾਂ ਗੀਨਾ ਰਾਣੀ ਪੁੱਤਰੀ ਸੁਭਾਸ਼ ਰਾਮ ਨਾਲ ਹੋਈ ਸੀ ਅਤੇ ਸੰਦੀਪ ਰਾਮ ਦਾ ਸਹੁਰਾ ਪਰਵਾਰ ਸੰਦੀਪ ਰਾਮ ਨੂੰ ਘਰ ਜਵਾਈ ਬਣਾਉਣ ਲਈ ਉਸ 'ਤੇ ਦਬਾਅ ਬਣਾ ਰਿਹਾ ਸੀ, ਜਿਸ ਤੋਂ ਤੰਗ ਆ ਕੇ ਸੰਦੀਪ ਰਾਮ ਨੇ ਆਤਮ ਹੱਤਿਆ ਕਰ ਲਈ ਸੀ, ਜਿਸ 'ਤੇ ਪੁਲਸ ਨੇ ਸ਼ਿਕਾਇਤਕਰਤਾ ਗੋਪੀ ਰਾਮ ਦੇ ਬਿਆਨਾਂ ਦੇ ਅਧਾਰ 'ਤੇ ਮ੍ਰਿਤਕ ਸੰਦੀਪ ਰਾਮ ਦੇ ਸਹੁਰੇ ਸੁਭਾਸ਼ ਰਾਮ, ਪਤਨੀ ਗੀਨਾ, ਸੱਸ ਸੀਮਾ ਰਾਣੀ ਅਤੇ ਸਾਲਾ ਸੁਨੀਲ ਰਾਮ ਵਾਸੀਆਨ ਆਲਮਗੜ੍ਹ ਥਾਣਾ ਸਦਰ ਅਬੋਹਰ ਦੇ ਖਿਲਾਫ ਮੁਕੱਦਮਾ ਥਾਣਾ ਵੈਰੋਕੇ ਵਿਖੇ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਕੋਠੇ ਅੱਠ ਚੱਕ ਵਿਖੇ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ

**ਜਗਰਾਉਂ (ਅਮਿਤ ਖੰਨਾ)-** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਸਹੂਲਤਾਂ ਦੇਣ ਦੇ ਕੀਤੇ ਵਾਅਦਿਆਂ ਤਹਿਤ ਸ਼ੁਰੂ ਕੀਤੀ ਮੇਰੀ ਰਸੋਈ



ਯੋਜਨਾ ਮੰਗਲਵਾਰ ਨੂੰ ਹਲਕਾ ਜਗਰਾਉਂ ਦੀ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਦੀ ਅਗਵਾਈ 'ਚ ਇੱਕ ਵਿਸ਼ੇਸ਼ ਪ੍ਰੋਗਰਾਮ ਦੌਰਾਨ ਪਿੰਡ ਕੋਠੇ ਅੱਠ ਚੱਕ ਵਿਖੇ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ ਗਈਆਂ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਆਪ ਆਗੂ ਸੁਖਵਿੰਦਰ ਸਿੰਘ ਕਾਕਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਗ਼ਰੀਬ ਅਤੇ ਲੋੜਵੰਦ ਵਰਗ ਦੀ ਬਾਂਹ ਫੜਨ ਵਾਲੀ ਸਰਕਾਰ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦੀ ਸੋਚ ਹੈ ਕਿ ਸੂਬੇ ਦੇ ਹਰ ਨਾਗਰਿਕ ਤੱਕ ਲੋਕ ਭਲਾਈ ਸਕੀਮਾਂ ਦਾ ਲਾਭ ਬਿਨਾਂ ਕਿਸੇ ਪੱਖਪਾਤ ਦੇ ਪਹੁੰਚੇ। ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਭਰੋਸਾ ਦਿਵਾਇਆ ਕਿ ਹਲਕਾ ਜਗਰਾਉਂ ਦੇ ਅੰਦਰ ਕਿਸੇ ਵੀ ਲੋੜਵੰਦ ਪਰਵਾਰ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਆਪ ਆਗੂ ਸੁਖਵਿੰਦਰ ਸਿੰਘ ਕਾਕਾ, ਪੰਚ ਸੰਜੇ ਕੁਮਾਰ ਤੇ ਹੋਰ ਹਾਜ਼ਰ ਸਨ।

# ਬਹਾਵਲਬਾਸੀ ਅਤੇ ਕੇਰਾ ਖੇੜਾ ਵਿੱਚ ਖੇਤੀ ਵਿਗਿਆਨ ਕੇਂਦਰ ਵੱਲੋਂ ਜਾਗਰੂਕਤਾ ਪ੍ਰੋਗਰਾਮ



**ਫਾਜ਼ਿਲਕਾ (ਨ ਜ ਸ) -** ਖੇਤੀ ਵਿਗਿਆਨ ਕੇਂਦਰ (ਕੇ ਵੀ ਕੇ), ਫਾਜ਼ਿਲਕਾ ਵੱਲੋਂ ਪਿੰਡ ਬਹਾਵਲਬਾਸੀ ਅਤੇ ਕੇਰਾ ਖੇੜਾ ਵਿੱਚ 'ਖੇਤ ਬਚਾਓ ਮੁਹਿੰਮ' ਦੇ ਤਹਿਤ ਕਿਸਾਨਾਂ ਲਈ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਦਾ ਉਦੇਸ਼ ਕਿਸਾਨਾਂ ਨੂੰ ਮਿੱਟੀ ਸਿਹਤ ਸੰਭਾਲ, ਕੁਦਰਤੀ ਸਰੋਤਾਂ ਦੀ ਸਥਾਈ ਵਰਤੋਂ ਅਤੇ ਮਨੁੱਖੀ ਸਿਹਤ ਸੁਧਾਰ ਪ੍ਰਤੀ ਜਾਗਰੂਕ ਕਰਨਾ ਸੀ। ਪ੍ਰੋਗਰਾਮ ਦੌਰਾਨ ਡਾ. ਰੁਪਿੰਦਰ ਕੌਰ ਅਤੇ ਡਾ. ਪ੍ਰਕਾਸ਼ ਚੰਦ ਗੁਰਜਰ ਨੇ ਕਿਸਾਨਾਂ ਨੂੰ ਖੇਤਾਂ ਵਿੱਚ ਮਿੱਟੀ ਅਤੇ ਪਾਣੀ ਦੀ ਜਾਂਚ ਕਰਵਾਉਣ ਦੇ ਮਹੱਤਵ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਮਿੱਟੀ ਅਤੇ ਪਾਣੀ ਦੀ ਜਾਂਚ ਦੇ ਆਧਾਰ 'ਤੇ ਖਾਦਾਂ ਦਾ ਸੰਤੁਲਿਤ ਇਸਤੇਮਾਲ ਕਰਨ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਬਣੀ ਰਹਿੰਦੀ ਹੈ, ਪੈਦਾਵਾਰ ਦੀ ਲਾਗਤ ਘੱਟ ਹੁੰਦੀ ਹੈ ਅਤੇ ਫ਼ਸਲ ਦੀ ਪੈਦਾਵਾਰ ਵਿੱਚ ਵਾਧਾ ਹੁੰਦਾ ਹੈ।

# ਕਹਿਰ ਦੀ ਗਰਮੀ 'ਚ ਪਟਿਆਲਾ ਵਿਖੇ ਧਰਨਾ 14ਵੇਂ ਦਿਨ 'ਚ ਦਾਖਲ

**ਜਲਾਲਾਬਾਦ (ਜੀਤ ਕੁਮਾਰ) -** ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਵੱਲੋਂ ਪਟਿਆਲਾ ਵਿਖੇ ਵਿਭਾਗ ਦੇ ਹੈਡ ਆਫਿਸ ਅੱਗੇ 28 ਮਈ 2026 ਤੋਂ ਪੁਰਅਮਨ ਢੰਗ ਨਾਲ ਲਗਾਤਾਰ ਧਰਨਾ ਜਾਰੀ ਹੈ। ਜੋ ਅੱਜ 14ਵੇਂ ਦਿਨ ਵਿਚ ਸ਼ਾਮਲ ਹੋ ਚੁੱਕਾ ਹੈ। ਜਿੱਥੇ ਇਕ ਪਾਸੇ ਕਹਿਰ ਦੀ ਗਰਮੀ ਹੈ ਉਥੇ ਦੂਜੇ ਪਾਸੇ ਆਪਣੇ ਪੱਕੇ ਰੁਜਗਾਰ ਦੀ ਮੰਗ ਨੂੰ ਮਨਵਾਉਣ ਲਈ ਵਰਕਰ ਹਰ ਰੋਜ ਸ਼ਾਮਲ ਹੋ ਰਹੇ ਹਨ।

ਅੱਜ ਦੇ ਧਰਨੇ ਦੀ ਅਗਵਾਈ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ, ਸੀ.ਮੀਤ ਪ੍ਰਧਾਨ ਹਾਕਮ ਸਿੰਘ ਧਨੇਠਾ, ਜਸਵੀਰ ਸਿੰਘ ਜਿੰਦਵੜੀ ਅਤੇ ਖਜਾਨਚੀ ਰੁਪਿੰਦਰ ਸਿੰਘ ਵੱਲੋਂ ਕੀਤੀ ਗਈ। ਇਥੇ ਪ੍ਰੈਸ ਬਿਆਨ ਜਾਰੀ ਕਰਦੇ ਹੋਏ ਸੂਬਾ ਪ੍ਰੈਸ ਸਕੱਤਰ ਸਤਨਾਮ ਸਿੰਘ ਫਲੀਆਵਾਲਾ ਨੇ ਦੱਸਿਆ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ ਸਰਕਾਰ ਦੀਆਂ ਪੇਂਡੂ ਜਲ ਸਪਲਾਈ ਸਕੀਮਾਂ 'ਤੇ ਫੀਲਡ ਅਤੇ ਦਫਤਰਾਂ ਵਿਚ ਵੱਖ-ਵੱਖ ਪੋਸਟਾਂ 'ਤੇ ਰੈਗੂਲਰ ਮੁਲਾਜਮਾਂ ਵਾਂਗ ਪਿਛਲੇ 15 ਤੋਂ 20 ਸਾਲਾਂ ਦੇ ਲੰਬੇ ਅਰਸੇ ਤੋਂ ਇਕ ਵਰਕਰ ਦੇ ਰੂਪ 'ਚ ਲਗਾਤਾਰ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਠੇਕਾ ਮੁਲਾਜਮਾਂ ਨੂੰ ਵਿਭਾਗ 'ਚ ਮਰਜ ਕਰਕੇ ਈ.ਪੀ.ਐਫ. ਅਤੇ ਈ.ਐਸ.ਆਈ.ਸੀ. ਵਰਗੀਆਂ ਤਮਾਮ ਸਹੂਲਤਾਂ ਦੇਣ ਵਾਲੀ ਪਾਲਸੀ ਅਧੀਨ 'ਪੱਕੇ ਰੁਜਗਾਰ' ਦਾ ਪ੍ਰਬੰਧ ਕਰਨ ਲਈ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ ਹੈ, ਜਿਸ ਦੇ ਕਾਰਨ ਸਰਕਾਰ ਅਤੇ ਮੈਨੇਜਮੈਂਟ ਦੇ ਵਰਕਰ ਵਿਰੋਧੀ ਰਵੱਈਏ ਪ੍ਰਤੀ ਰੋਸ ਪਾਇਆ ਜਾ ਰਿਹਾ ਹੈ।

ਉਨ੍ਹਾਂ ਮੰਗ ਕੀਤੀ ਕਿ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ-ਕਮ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ 11 ਜੂਨ 2026 ਨੂੰ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ (ਰਜਿ.31) ਦੇ ਨਾਲ ਕੀਤੀ ਜਾਣ ਵਾਲੀ ਮੀਟਿੰਗ ਵਿੱਚ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ 'ਚ ਕੰਮ ਕਰਦੇ ਇਨਲਿਸਟਮੈਂਟ ਵਰਕਰਾਂ ਦਾ ਪੱਕਾ ਰੁਜਗਾਰ ਕਰਨ ਲਈ ਪੰਜਾਬ ਸਰਕਾਰ ਵੱਲੋਂ ਕੱਚੇ ਮੁਲਾਜਮਾਂ ਨੂੰ ਪੱਕੇ ਕਰਨ ਲਈ ਲਿਆਂਦੇ ਜਾ ਰਹੇ ਪੰਜਾਬ ਰਾਜ ਆਊਟਸੋਰਸ ਪ੍ਰਸੋਨਲ ਬਿੱਲ-2026 ਵਿੱਚ ਇਨਲਿਸਟਮੈਂਟ ਵਰਕਰਾਂ ਨੂੰ ਸ਼ਾਮਿਲ ਕਰਕੇ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ।

# ਦਰਸ਼ਨ ਕਾਂਗੜਾ ਨੇ ਕਾਂਗਰਸ ਦੇ ਰਾਸ਼ਟਰੀ ਚੇਅਰਮੈਨ ਨਾਲ ਦਲਿਤ ਭਾਈਚਾਰੇ ਨਾਲ ਜੁੜੇ ਮੁੱਦਿਆਂ 'ਤੇ ਕੀਤੀ ਚਰਚਾ

**ਸੰਗਰੂਰ (ਪ੍ਰਵੀਨ ਸਿੰਘ) -** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (ਐਸ.ਸੀ. ਡਿਪਾਰਟਮੈਂਟ) ਦੀ ਸਟੇਟ ਐਡਵਾਈਜ਼ਰੀ ਕੌਂਸਲ ਦੇ ਮੈਂਬਰ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਮੈਂਬਰ ਪੀ.ਪੀ.ਸੀ.ਸੀ.ਨੇ ਬੀਤੇ ਦਿਨੀਂ ਨਵੀਂ ਦਿੱਲੀ ਵਿਖੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਐਸ.ਸੀ. ਡਿਪਾਰਟਮੈਂਟ ਦੇ ਰਾਸ਼ਟਰੀ ਚੇਅਰਮੈਨ ਅਤੇ ਸਾਬਕਾ ਕੈਬਨਿਟ ਮੰਤਰੀ ਸ਼੍ਰੀ ਰਾਜਿੰਦਰ ਪਾਲ



ਗੌਤਮ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਕਾਂਗਰਸ ਦੇ ਕੇਂਦਰੀ ਦਫ਼ਤਰ ਵਿਖੇ ਹੋਈ ਇਸ ਮੁਲਾਕਾਤ ਦੌਰਾਨ ਪੰਜਾਬ ਦੇ ਦਲਿਤ ਭਾਈਚਾਰੇ ਨਾਲ ਜੁੜੇ ਅਹਿਮ ਮੁੱਦਿਆਂ, ਸਮਾਜਿਕ ਨਿਆਂ, ਰੁਜ਼ਗਾਰ, ਸਿੱਖਿਆ ਅਤੇ ਭਲਾਈ ਯੋਜਨਾਵਾਂ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਦਰਸ਼ਨ ਕਾਂਗੜਾ ਨੇ ਪੰਜਾਬ ਦੇ ਦਲਿਤ ਵਰਗ ਨੂੰ ਦਰਪੇਸ਼ ਮੁਸ਼ਕਲਾਂ ਤੋਂ ਰਾਸ਼ਟਰੀ ਲੀਡਰਸ਼ਿਪ ਨੂੰ ਜਾਣੂ ਕਰਵਾਉਂਦਿਆਂ ਮੰਗ ਕੀਤੀ ਕਿ ਕਾਂਗਰਸ ਦੀ ਸਰਕਾਰ ਬਣਨ ਉਪਰੰਤ ਇਨ੍ਹਾਂ ਮਸਲਿਆਂ ਦਾ ਤਰਜੀਹੀ ਆਧਾਰ 'ਤੇ ਹੱਲ ਕੀਤਾ ਜਾਵੇ। ਇਸ ਮੌਕੇ ਰਾਜਿੰਦਰ ਪਾਲ ਗੌਤਮ ਨੇ ਭਰੋਸਾ ਦਿਵਾਇਆ ਕਿ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਨ 'ਤੇ ਦਲਿਤ ਭਾਈਚਾਰੇ ਦੇ ਹੱਕਾਂ ਅਤੇ ਸਨਮਾਨ ਦੀ ਪੂਰੀ ਰੱਖਿਆ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਸਮਾਜ ਦੇ ਕਮਜ਼ੋਰ ਅਤੇ ਪਿਛੜੇ ਵਰਗਾਂ ਦੀ ਆਵਾਜ਼ ਬਣੀ ਹੈ ਅਤੇ ਭਵਿੱਖ ਵਿੱਚ ਵੀ ਇਸ ਵਚਨਬੱਧਤਾ ਨੂੰ ਨਿਭਾਇਆ ਜਾਵੇਗਾ।

## ਕੌਂਸਲਰ ਸੀਰਾ ਪੰਨੂ ਸਾਲਾਸਰ ਧਾਮ ਵਿਖੇ ਹੋਏ ਨਤਮਸਤਕ



**ਬਠਿੰਡਾ (ਰਾਜੀਵ ਗੋਇਲ) :** ਨਗਰ ਪੰਚਾਇਤ ਭਗਤਾ ਦੀ ਚੋਣ ਵਿੱਚ ਵਾਰਡ ਨੰਬਰ 12 ਤੋਂ ਆਮ ਆਦਮੀ ਪਾਰਟੀ ਦੇ ਨਿਸ਼ਾਨ 'ਤੇ ਚੋਣਾਂ ਵਿੱਚ ਜਿੱਤ ਹਾਸਲ ਕਰਨ ਵਾਲੇ ਜਗਸੀਰ ਸਿੰਘ ਸੀਰਾ ਪੰਨੂ ਰਾਜਸਥਾਨ ਦੇ ਪ੍ਰਸਿੱਧ ਮੰਦਰ ਸ਼੍ਰੀ ਸਾਲਾਸਰ ਧਾਮ ਵਿਖੇ ਨਤਮਸਤਕ ਹੋਏ। ਗੱਲਬਾਤ ਕਰਦਿਆਂ ਪੰਨੂ ਨੇ ਕਿਹਾ ਕਿ ਉਹਨਾਂ ਵੱਲੋਂ ਆਪਣੀ ਜਿੱਤ ਸੰਬੰਧੀ ਅਰਦਾਸ ਕੀਤੀ ਗਈ ਸੀ, ਜਿਸ ਦੇ ਚਲਦਿਆਂ ਉਹ ਆਪਣੀ ਸੁੱਖ ਪੂਰੀ ਕਰਨ ਲਈ ਬਾਲਾਜੀ ਮੰਦਰ ਪਹੁੰਚੇ ਹਨ। ਉਹਨਾਂ ਵੱਲੋਂ ਇੱਕ ਵਾਰ ਮੁੜ ਵਾਰਡ ਦੇ ਵੋਟਰਾਂ ਦਾ ਧੰਨਵਾਦ ਕੀਤਾ ਗਿਆ ਹੈ।

# ਬਿਜਲੀ ਕਾਮਿਆਂ 'ਤੇ ਲਾਠੀਚਾਰਜ ਦੀ ਨਿਖੇਧੀ

**ਨਿਹਾਲ ਸਿੰਘ ਵਾਲਾ (ਨ ਜ ਸ) :** ਪਟਿਆਲਾ ਵਿਖੇ ਆਪਣੀਆਂ ਮੰਗਾਂ ਨੂੰ ਲੈ ਕੇ ਸ਼ਾਂਤਮਈ ਢੰਗ ਨਾਲ ਰੋਸ ਪ੍ਰਦਰਸ਼ਨ ਕਰ



ਰਹੇ ਬਿਜਲੀ ਕਾਮਿਆਂ 'ਤੇ ਪੁਲਿਸ ਵੱਲੋਂ ਕੀਤੇ ਗਏ ਲਾਠੀਚਾਰਜ ਦੀ ਵੱਖ-ਵੱਖ ਜਥੇਬੰਦੀਆਂ ਅਤੇ ਆਗੂਆਂ ਵੱਲੋਂ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਹੈ। ਇਸ ਸਬੰਧੀ ਕਿਸਾਨ ਆਗੂ ਸੁਖਚੈਨ ਸਿੰਘ ਸੋਨੀ ਨੰਗਲ ਨੇ ਕਿਹਾ ਕਿ ਬਿਜਲੀ ਕਾਮਿਆਂ ਵੱਲੋਂ ਆਪਣੀ ਹੱਕੀ ਮੰਗਾਂ ਲਈ ਸੰਘਰਸ਼ ਕਰਨਾ ਉਹਨਾਂ ਦਾ ਅਧਿਕਾਰ ਹੈ। ਲਾਠੀਚਾਰਜ ਕਰਨਾ ਬਹੁਤ ਹੀ ਮੰਦਭਾਗਾ ਅਤੇ ਗੈਰ-ਲੋਕਤੰਤਰੀ ਕਦਮ ਹੈ।

# ਤਹਿਸੀਲ ਕੰਪਲੈਕਸ ਦੀ ਇਮਾਰਤ ਵਿੱਚ ਨਵੇਂ ਬਲਾਕ ਦੀ ਉਸਾਰੀ ਹੋਵੇਗੀ : ਜਗਦੀਪ ਕੰਬੋਜ ਗੋਲਡੀ

**ਜਲਾਲਾਬਾਦ/ਫਾਜ਼ਿਲਕਾ (ਨਿਸ਼ਾ ਸ਼ਰਮਾ) -** ਹਲਕਾ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ



ਜਲਾਲਾਬਾਦ ਵਾਸੀਆਂ ਦੀ ਇੱਕ ਹੋਰ ਮੰਗ ਨੂੰ ਪੂਰਾ ਕਰਦਿਆਂ ਜਲਾਲਾਬਾਦ ਨੂੰ ਇੱਕ ਹੋਰ ਵੱਡੀ ਸੌਗਾਤ ਦਿੱਤੀ ਹੈ। ਕਰੀਬ 4 ਕਰੋੜ 61 ਲੱਖ 42 ਹਜ਼ਾਰ ਰੁਪਏ ਦੀ ਲਾਗਤ ਨਾਲ ਤਹਿਸੀਲ ਕੰਪਲੈਕਸ ਦੀ ਇਮਾਰਤ ਵਿੱਚ ਨਵੇਂ ਬਲਾਕ ਦੀ ਉਸਾਰੀ ਹੋਵੇਗੀ।ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਦੱਸਿਆ ਕਿ ਹੁਣ ਤਹਿਸੀਲ ਕੰਪਲੈਕਸ ਇਮਾਰਤ ਦੇ ਨਵੀਨੀਕਰਨ ਨਾਲ ਜਲਾਲਾਬਾਦ ਅਤੇ ਆਸ-ਪਾਸ ਦੇ ਇਲਾਕਿਆਂ ਦੇ ਲੋਕਾਂ ਨੂੰ ਰੈਵੇਨਿਊ ਵਿਭਾਗ ਨਾਲ ਸਬੰਧਤ ਕੰਮਾਂ ਲਈ ਆਧੁਨਿਕ ਅਤੇ ਸੁਵਿਧਾਜਨਕ ਮਾਹੌਲ ਮਿਲੇਗਾ। ਉਨ੍ਹਾਂ ਕਿਹਾ ਕਿ ਇਸ ਇਮਾਰਤ ਵਿੱਚ ਲੋਕਾਂ ਦੀ ਸਹੂਲਤ ਲਈ ਲੋੜੀਂਦਾ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਗਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕਾਂ ਨੂੰ ਬਿਹਤਰ ਪ੍ਰਸ਼ਾਸਨਿਕ ਸੇਵਾਵਾਂ ਦੇਣ ਲਈ ਲਗਾਤਾਰ ਕੰਮ ਕਰ ਰਹੀ ਹੈ।


# CFM ASSET RECONSTRUCTION PRIVATE LIMITED

thoughtful regeneration

CIN: U67100GJ2015PTC083994

Address: 1st Floor, Wakefield House, Sprott Road, Ballard Estate, Mumbai 400038

## ਕਬਜ਼ਾ ਨੋਟਿਸ

ਫਿਨੋਵਾ ਕੈਪੀਟਲ ਪ੍ਰਾਈਵੇਟ ਲਿਮਟਿਡ ਵੱਲੋਂ ਅਸਾਈਨਮੈਂਟ ਡੀਡ ਮਿਤੀ 28 ਨਵੰਬਰ 2025 ਜੋ ਕਿ ਸੀ ਐੱਫ ਐੱਮ ਐੱਸਟ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਟਿਡ ਦੇ ਪੱਖ 'ਚ ਹੋਰਨਾਂ ਸਮੇਤ ਸੌਂਪੀ ਗਈ। ਜਦੋਂ ਕਿ ਨਿਮਨਹਸਤਾਖਰੀ ਨੇ ਸੀ ਐੱਫ ਐੱਮ ਐੱਸਟ ਰੀਕੰਸਟ੍ਰਕਸ਼ਨ ਕੰਪਨੀ (ਸੀ ਐੱਫ ਐੱਮ ਏ ਆਰ ਸੀ) ਦੇ ਅਧਿਕਾਰਤ ਅਫ਼ਸਰ ਹੋਣ ਨਾਤੇ ਸਕਿਉਰਿਟੀਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ਼ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002, ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (2) ਤਹਿਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਗਏ ਕਰਜ਼ਦਾਰ/ਸਹਿ-ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ ਨੂੰ ਬਕਾਇਆ ਰਕਮ ਦੀ ਅਦਾਇਗੀ ਕਰਨ ਲਈ ਇੱਕ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਰੂਲਜ਼ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ।

ਕਰਜ਼ਦਾਰ ਅਤੇ ਨਿੱਜੀ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਸ ਦੁਆਰਾ ਸੁਚੇਤ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਨਾਲ ਕੋਈ ਸੌਦੇਬਾਜ਼ੀ ਨਾ ਕਰਨ ਅਤੇ ਜਾਇਦਾਦ ਨਾਲ ਕੋਈ ਵੀ ਸੌਦੇਬਾਜ਼ੀ ਹੇਠਾਂ ਦਰਸਾਈ ਗਈ ਰਕਮ ਸਮੇਤ ਹੋਰ ਵਿਆਜ ਜਮ੍ਹਾਂ ਲਾਗਤਾਂ, ਚਾਰਜਿਜ਼ ਅਤੇ ਖਰਚੇ ਆਦਿ ਸੀ ਐੱਫ ਐੱਮ ਏ ਆਰ ਸੀ ਦੇ ਚਾਰਜ ਅਧੀਨ ਹੋਵੇਗੀ (ਡਿਮਾਂਡ ਨੋਟਿਸ ਦੇ ਜਾਰੀ ਹੋਣ ਤੱਕ ਅਦਾਇਗੀ ਘਟਾ ਕੇ, ਜੇਕਰ ਕੋਈ ਹੋਈ)। ਕਰਜ਼ਦਾਰ ਅਤੇ ਨਿੱਜੀ ਗਰੰਟਰ ਦਾ ਧਿਆਨ ਸਕਿਉਰਡ ਐੱਸਟ ਦੇ ਪੁਨਰਗ੍ਰਹਿਣ ਲਈ ਉਪਲਬਧ ਸਮੇਂ 'ਚ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਕਰਜ਼ਾ ਖਾਤਾ ਨੰ./ਕਰਜ਼ਦਾਰ/ਗਰੰਟਰ/ਸਕਿਉਰਿਟੀ ਪ੍ਰੋਵਾਈਡਰ ਦਾ ਨਾਂਅ | ਰਕਮ ਅਤੇ ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਰਹਿਣ ਕੀਤੀ ਜਾਇਦਾਦ ਦਾ ਵੇਰਵਾ |
|---|---|---|---|
| ਕਰਜ਼ਾ ਖਾਤਾ ਨੰ. : 6044676 : ਹਰਜੋਤ ਸਿੰਘ (ਕਰਜ਼ਦਾਰ), ਗੁਰਿੰਦਰ ਕੌਰ (ਸਹਿ-ਕਰਜ਼ਦਾਰ/ਰਹਿਣਕਾਰ) ਹਰਪ੍ਰੀਤ ਸਿੰਘ (ਗਰੰਟਰ), ਟਰੱਸਟ : 200 | 20 ਜਨਵਰੀ 2026, ਰੁਪਏ 12,80,397/- (ਬਾਰਾਂ ਲੱਖ ਅੱਸੀ ਹਜ਼ਾਰ ਤਿੰਨ ਸੌ ਸਤਾਨਵੇਂ ਰੁਪਏ ਕੇਵਲ) 30 ਨਵੰਬਰ 2025 ਨੂੰ | 06 ਜੂਨ 2026 | ਜਾਇਦਾਦ ਖਸਰਾ ਨੰ. 267 (0 ਬੀ-16 ਬੀ-1.4 ਬੀ) ਖੱਤਾ ਨੰ. 200/212, ਪਿੰਡ ਜਟਾਣਾ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ, ਪੰਜਾਬ-141421, ਰਕਬਾ 5670 ਵਰਗ ਫੁੱਟ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਸੰਤੋਖ ਸਿੰਘ ਦੀ ਜਾਇਦਾਦ, ਪੱਛਮ : ਹਰਜਿੰਦਰ ਸਿੰਘ ਦੀ ਖੇਤੀਬਾੜੀ ਵਾਲੀ ਜ਼ਮੀਨ ਅਤੇ ਜਾਇਦਾਦ, ਉੱਤਰ : ਗਲੀ 15 ਫੁੱਟ, ਦੱਖਣ : ਮਲੀਪੁਰ ਰੋਡ |
| ਕਰਜ਼ਾ ਖਾਤਾ ਨੰ. : 6041103 : ਸਤਨਾਮ ਸਿੰਘ (ਕਰਜ਼ਦਾਰ/ਰਹਿਣਕਾਰ), ਜਸਵੰਤ ਸਿੰਘ, ਪਰਮਜੀਤ ਕੌਰ (ਸਹਿ-ਕਰਜ਼ਦਾਰ) ਗਗਨਦੀਪ ਸਿੰਘ (ਗਰੰਟਰ), ਟਰੱਸਟ : 200 | 28 ਫਰਵਰੀ 2026, ਰੁਪਏ 8,85,376/- (ਅੱਠ ਲੱਖ ਪਚਾਸੀ ਹਜ਼ਾਰ ਤਿੰਨ ਸੌ ਛਿਅੱਤਰ ਰੁਪਏ ਕੇਵਲ) 30 ਨਵੰਬਰ 2025 ਨੂੰ | 06 ਜੂਨ 2026 | ਜਾਇਦਾਦ ਕਿੱਲਾ ਨੰ. 09, ਖੇਵਟ ਨੰ. 256, ਖਤੌਨੀ ਨੰ. 301, ਹੱਦਬਸਤ ਨੰ. 332, ਵਾਕਿਆ ਦੋਨਾ ਮਟਰ ਤਹਿ. ਗੁਰੂਹਰਸਹਾਏ, ਜ਼ਿਲ੍ਹਾ ਫਿਰੋਜ਼ਪੁਰ-152023, ਰਕਬਾ 430.13 ਵਰਗ ਫੁੱਟ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਐੱਨ/ਏ, ਪੱਛਮ : ਐੱਨ/ਏ, ਉੱਤਰ : ਐੱਨ/ਏ, ਦੱਖਣ : ਐੱਨ/ਏ |
| ਕਰਜ਼ਾ ਖਾਤਾ ਨੰ. : 6057412 : ਹਰਪ੍ਰੀਤ ਸਿੰਘ (ਕਰਜ਼ਦਾਰ/ਰਹਿਣਕਾਰ) ਕਸ਼ਮੀਰ ਕੌਰ (ਸਹਿ-ਕਰਜ਼ਦਾਰ) ਟਰੱਸਟ : 200 | 05 ਮਾਰਚ 2026, ਰੁਪਏ 8,69,808/- (ਅੱਠ ਲੱਖ ਉਨੱਤਰ ਹਜ਼ਾਰ ਅੱਠ ਸੌ ਅੱਠ ਰੁਪਏ ਕੇਵਲ) 30 ਨਵੰਬਰ 2025 ਨੂੰ | 06 ਜੂਨ 2026 | ਜਾਇਦਾਦ ਖਤੌਨੀ ਨੰ. 454, ਮਸਤਲ ਨੰ. 43, ਕਿੱਲਾ ਨੰ. 22/1 (0-8) ਜਮ੍ਹਾਂਬੰਦੀ ਸਾਲ 2007-2008 ਹੱਦਬਸਤ ਨੰ. 76, ਵਾਕਿਆ ਰਕਬਾ ਪਿੰਡ ਦੋਸਤਪੁਰ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ-143526, ਰਕਬਾ 1824 ਵਰਗ ਫੁੱਟ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਐੱਨ/ਏ, ਪੱਛਮ : ਐੱਨ/ਏ, ਉੱਤਰ : ਐੱਨ/ਏ, ਦੱਖਣ : ਐੱਨ/ਏ |
| ਕਰਜ਼ਾ ਖਾਤਾ ਨੰ. : 6053256 : ਨਵਜੋਤ (ਕਰਜ਼ਦਾਰ) ਗੁਰਾਰੁਪਾਨਾ ਭਾਰਤੀ, ਬਲਬੀਰ ਕੌਰ (ਸਹਿ-ਕਰਜ਼ਦਾਰ), ਟਰੱਸਟ : 200 | 05 ਮਾਰਚ 2026, ਰੁਪਏ 7,35,351/- (ਸੱਤ ਲੱਖ ਪੈਂਤੀ ਹਜ਼ਾਰ ਤਿੰਨ ਸੌ ਇਕਵੰਜਾ ਰੁਪਏ ਕੇਵਲ) 30 ਨਵੰਬਰ 2025 ਨੂੰ | 06 ਜੂਨ 2026 | ਜਾਇਦਾਦ ਗਲੀ ਨੰ. 5, ਮਕਾਨ ਨੰ. ਈ ਐੱਸ 465 ਦਾ ਹਿੱਸਾ, ਮੁਹੱਲਾ ਅਬਾਦਪੁਰਾ, ਤਹਿਸੀਲ ਤੇ ਜ਼ਿਲ੍ਹਾ ਜਲੰਧਰ, ਖੱਤਾ ਨੰ. 2552/2888, ਖਸਰਾ ਨੰ. 24042/3248, ਜ਼ਮੀਨ ਖੇਤਰ 2 ਮਰਲੇ 69 ਵਰਗ ਫੁੱਟ, ਟਾਈਟਲ ਡੀਡ ਨੰ. 2024-25/186/1/2221 ਮਿਤੀ 13.05.2024 ਅਨੁਸਾਰ, ਮੁਹੱਲਾ ਅਬਾਦਪੁਰਾ, ਤਹਿਸੀਲ ਤੇ ਜ਼ਿਲ੍ਹਾ ਜਲੰਧਰ, ਪਿੰਨ ਕੋਡ 144003, ਰਕਬਾ 694 ਵਰਗ ਫੁੱਟ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਗਲੀ ਨੰ. 5, ਪੱਛਮ : ਰਤਨਾ, ਉੱਤਰ : ਰਾਮ ਲੁਬਾਇਆ, ਦੱਖਣ : ਜੰਜ ਘਰ |
| ਕਰਜ਼ਾ ਖਾਤਾ ਨੰ. : 6037738 : ਬਲਦੇਵ ਸਿੰਘ (ਕਰਜ਼ਦਾਰ/ਰਹਿਣਕਾਰ), ਹਰਜਿੰਦਰ ਕੌਰ (ਸਹਿ-ਕਰਜ਼ਦਾਰ), ਟਰੱਸਟ : 200 | 05 ਮਾਰਚ 2026, ਰੁਪਏ 6,31,462/- (ਛੇ ਲੱਖ ਇਕੱਤੀ ਹਜ਼ਾਰ ਚਾਰ ਸੌ ਬਾਹਠ ਰੁਪਏ ਕੇਵਲ) 30 ਨਵੰਬਰ 2025 ਨੂੰ | 06 ਜੂਨ 2026 | ਜਾਇਦਾਦ ਖੇਵਟ ਨੰ. ਖਤੌਨੀ ਨੰ. 126/184 ਤੋਂ 186, ਖਸਰਾ ਨੰ. 59//11/7-11, 59//19/7-2, 85//1/8-0, 85//10/5-13, 86//5/8-0, 86//6/6-13, 81//20/8-0, 59//22/1-9, 81//19/8-0, 59//21/7-7, 80//16/1/5-0, 80//25/8-0, 81//21/8-0, 81//22/8-0 ਵਾਕਾ ਰਕਬਾ ਰਾਜਲਾ, ਤਹਿਸੀਲ ਸਮਾਣਾ, ਰਕਬਾ 2399.94 ਵਰਗ ਫੁੱਟ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਬਲਵਿੰਦਰ ਦਾ ਮਕਾਨ, ਪੱਛਮ : ਖੇਤੀਬਾੜੀ ਵਾਲੀ ਜ਼ਮੀਨ, ਉੱਤਰ : ਅੰਗਰੇਜ਼ ਸਿੰਘ, ਦੱਖਣ : ਖੁਦ ਮਾਲਕ |
| ਕਰਜ਼ਾ ਖਾਤਾ ਨੰ. : 6033233 : ਨਿਰਮਲ ਸਿੰਘ (ਕਰਜ਼ਦਾਰ/ਰਹਿਣਕਾਰ), ਮਨਦੀਪ ਕੌਰ (ਸਹਿ-ਕਰਜ਼ਦਾਰ), ਟਰੱਸਟ : 200 | 05 ਮਾਰਚ 2026, ਰੁਪਏ 6,69, 292/- (ਛੇ ਲੱਖ ਉਨੱਤਰ ਹਜ਼ਾਰ ਦੋ ਸੌ ਬਾਨਵੇਂ ਰੁਪਏ ਕੇਵਲ), 30 ਨਵੰਬਰ 2025 ਨੂੰ | 06 ਜੂਨ 2026 | ਜਾਇਦਾਦ (ਕੁੱਲ ਜ਼ਮੀਨ ਡੀਡ ਅਨੁਸਾਰ : 3 ਕਨਾਲ) ਖੇਵਟ/ਖਤੌਨੀ ਨੰ. 261/436, ਖਸਰਾ ਨੰ. 12//5/2/3 (1-16), 12//5/3 (0-9), 12//6/1 (0-1), 12//6/2 (0-3), 12//5/2/2 (0-4) 7 ਕਨਾਲ 7 ਮਰਲਾ 817/2352 ਹਿੱਸਾ, 2 ਕਨਾਲ 11 ਮਰਲਾ, ਖੇਵਟ/ਖਤੌਨੀ ਨੰ. 261/436, ਖਸਰਾ ਨੰ. 12//4/2/3 (0-9), 12//5/2/2 (0-4), 13 ਮਰਲਾ 11/16 ਹਿੱਸਾ, ਪਿੰਡ ਚੱਕ ਰਾਮ ਸਿੰਘ ਵਾਲਾ, ਤਹਿਸੀਲ ਤੇ ਜ਼ਿਲ੍ਹਾ ਬਠਿੰਡਾ, ਰਕਬਾ 652 ਵਰਗ ਗਜ਼ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਨਿਰਮਲ ਸਿੰਘ ਦੀ ਜ਼ਮੀਨ, ਪੱਛਮ : ਸੁਖਵੀਰ ਸਿੰਘ ਦੀ ਜ਼ਮੀਨ, ਉੱਤਰ : ਨਿਰਮਲ ਸਿੰਘ ਦੀ ਜ਼ਮੀਨ, ਦੱਖਣ : ਰਸਤਾ |
| ਕਰਜ਼ਾ ਖਾਤਾ ਨੰ. : 6040213 : ਹਰਪ੍ਰੀਤ ਸਿੰਘ (ਕਰਜ਼ਦਾਰ), ਰਮਨਦੀਪ ਕੌਰ (ਸਹਿ-ਕਰਜ਼ਦਾਰ/ਰਹਿਣਕਾਰ), ਟਰੱਸਟ : 200 | 05 ਮਾਰਚ 2026, ਰੁਪਏ 5,97,681/- (ਪੰਜ ਲੱਖ ਸਤਾਨਵੇਂ ਹਜ਼ਾਰ ਛੇ ਸੌ ਇਕਾਸੀ ਰੁਪਏ ਕੇਵਲ), 30 ਨਵੰਬਰ 2025 ਨੂੰ | 06 ਜੂਨ 2026 | ਜਾਇਦਾਦ ਖੇਵਟ ਖਤੌਨੀ ਨੰ. 166/204 ਤੋਂ 221 ਖਸਰਾ ਨੰ. 32//12 (7-12) 140 (1-9) 236 0-2, 237/0-2, 30//16/1 (1-8), 31//9 (1-17) 31//10 (9-4) 31//11 ਮਿੰਨ (6-19) 31//12/5-1, 32//2/1-0, 30//16/1 ਮਿੰਨ/2-19, 31//21/6-1867//15/2(3-2) ਵਾਕਾ ਰਕਬਾ ਅਸਮਾਨਪੁਰ, ਤਹਿਸੀਲ ਸਮਾਣਾ, ਜ਼ਿਲ੍ਹਾ ਪਟਿਆਲਾ ਰਕਬਾ 1634 ਵਰਗ ਫੁੱਟ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਖੁਦ ਮਾਲਕ, ਪੱਛਮ : ਜਸਵੰਤ ਸਿੰਘ, ਉੱਤਰ : ਗਲੀ, ਦੱਖਣ : ਹਰਦੀਪ ਸਿੰਘ |
| ਕਰਜ਼ਾ ਖਾਤਾ ਨੰ. : 6031077 : ਅਮਨਦੀਪ ਸਿੰਘ (ਕਰਜ਼ਦਾਰ/ਰਹਿਣਕਾਰ), ਨਵਦੀਪ ਕੌਰ (ਸਹਿ-ਕਰਜ਼ਦਾਰ), ਟਰੱਸਟ : 200 | 05 ਮਾਰਚ 2026, ਰੁਪਏ 5,76,938/- (ਪੰਜ ਲੱਖ ਛਿਅੱਤਰ ਹਜ਼ਾਰ ਨੌ ਸੌ ਅਠੱਤੀ ਰੁਪਏ ਕੇਵਲ), 30 ਨਵੰਬਰ 2025 ਨੂੰ | 06 ਜੂਨ 2026 | ਮੁਹੱਈਆ ਫਰਦ ਅਨੁਸਾਰ ਜਾਇਦਾਦ 0 ਕਨਾਲ 3.608 ਮਰਲਾ, ਖੇਵਟ ਨੰ. 1283, ਖਤੌਨੀ ਨੰ. 1328, ਖਸਰਾ ਨੰ. 64//206 (3-4), ਪਿੰਡ ਸਮਰਾਲਾ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ, ਪੰਜਾਬ-141114, ਰਕਬਾ 2220 ਵਰਗ ਫੁੱਟ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਗੁਰੂ ਨਾਨਕ ਰੋਡ, ਪੱਛਮ : ਹਰਦਿਆਲ ਸਿੰਘ, ਉੱਤਰ : ਰਵਿੰਦਰ ਸਿੰਘ ਡਿੰਪਲ, ਦੱਖਣ : ਭੰਗੂ ਬੂਟ ਹਾਊਸ |
| ਕਰਜ਼ਾ ਖਾਤਾ ਨੰ. : 6049223 : ਰਜਨੀ (ਕਰਜ਼ਦਾਰ), ਸੰਜੇ ਮਲਹੋਤਰਾ (ਸਹਿ-ਕਰਜ਼ਦਾਰ/ਰਹਿਣਕਾਰ), ਟਰੱਸਟ : 200 | 05 ਮਾਰਚ 2026, ਰੁਪਏ 6,13,384/- (ਛੇ ਲੱਖ ਤੇਰਾਂ ਹਜ਼ਾਰ ਤਿੰਨ ਸੌ ਚੁਰਾਸੀ ਰੁਪਏ ਕੇਵਲ), 30 ਨਵੰਬਰ 2025 ਨੂੰ | 06 ਜੂਨ 2026 | ਜਾਇਦਾਦ ਰਕਬਾ 8 ਮਰਲੇ, ਵਾਕਾ ਰਕਬਾ ਪਿੰਡ ਕੋਟ ਬਾਦਲ ਖਾਨ ਵਿਖੇ ਸਥਿਤ, ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ, ਪੰਜਾਬ, ਪਿੰਨ ਕੋਡ-144702, ਰਕਬਾ 2178 ਵਰਗ ਫੁੱਟ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਗਲੀ ਅਤੇ ਸ਼ਾਦੀ ਲਾਲ ਦਾ ਮਕਾਨ, ਪੱਛਮ : ਚਰਨ ਸਿੰਘ ਪੁੱਤਰ ਗੰਗਾ ਸਿੰਘ, ਉੱਤਰ : ਗੁਰਮੀਤ ਸਿੰਘ, ਫੁੰਮਣ ਸਿੰਘ, ਸੁਰਜਨ ਸਿੰਘ, ਦੱਖਣ : ਸੁਰਜੰਟ ਗੋਰੀ ਦਾ ਮਕਾਨ |
| ਕਰਜ਼ਾ ਖਾਤਾ ਨੰ. : 6034533 : ਸ਼ਿੰਦਰਪਾਲ ਸਿੰਘ (ਕਰਜ਼ਦਾਰ), ਮਨਜੀਤ ਕੌਰ, ਕੁਲਵੰਤ ਸਿੰਘ (ਸਹਿ-ਕਰਜ਼ਦਾਰ), ਟਰੱਸਟ : 200 | 05 ਮਾਰਚ 2026, ਰੁਪਏ 3,77,219/- (ਤਿੰਨ ਲੱਖ ਸਤੱਤਰ ਹਜ਼ਾਰ ਦੋ ਸੌ ਉਨੀ ਰੁਪਏ ਕੇਵਲ) 30 ਨਵੰਬਰ 2025 ਨੂੰ | 06 ਜੂਨ 2026 | ਅਚੱਲ ਜਾਇਦਾਦ ਰਕਬਾ 14.39 ਮਰਲੇ ਜੋ ਕਿ ਕੁੱਲ 14 ਕਨਾਲ 10 ਮਰਲੇ ਦਾ 139/2800 ਹਿੱਸਾ, ਰੈਕਟ ਨੰ. 114 ਕਿੱਲਾ ਨੰ. 2/2 (1-2), 8/2 (2-4), 9 (9-11), 13/1 (1-13) ਖੇਵਟ ਨੰ. 334 ਖਤੌਨੀ ਨੰ. 625 ਜਮ੍ਹਾਂਬੰਦੀ ਸਾਲ 2021-22, ਪਿੰਡ ਬਕੈਣਵਾਲਾ ਵਿਖੇ ਸਥਿਤ, ਤਹਿਸੀਲ ਤੇ ਜ਼ਿਲ੍ਹਾ ਫਾਜ਼ਿਲਕਾ, ਰਕਬਾ 435.29 ਵਰਗ ਗਜ਼ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਮੰਡ ਰੋਡ, ਪੱਛਮ : ਸਤਨਾਮ ਸਿੰਘ ਦੀ ਜਾਇਦਾਦ, ਉੱਤਰ : ਅਸ਼ੋਕ ਦੀ ਜਾਇਦਾਦ, ਦੱਖਣ : ਸੜਕ |
| ਕਰਜ਼ਾ ਖਾਤਾ ਨੰ. : 6045153 : ਮੁਰਾਰੀ (ਕਰਜ਼ਦਾਰ), ਭਾਵਨਾ ਰਾਣੀ (ਸਹਿ-ਕਰਜ਼ਦਾਰ), ਟਰੱਸਟ : 200 | 05 ਮਾਰਚ 2026, ਰੁਪਏ 3,32, 893/- (ਤਿੰਨ ਲੱਖ ਬੱਤੀ ਹਜ਼ਾਰ ਅੱਠ ਸੌ ਤਰਿਨਵੇਂ ਰੁਪਏ ਕੇਵਲ), 30 ਨਵੰਬਰ 2025 ਨੂੰ | 06 ਜੂਨ 2026 | ਜਾਇਦਾਦ ਵਾਕਾ ਰਕਬਾ ਪੀਰ ਖਾਨਾ ਰੋਡ ਪਿੰਡ ਧੂਰੀ ਦੇ ਅੰਦਰਵਾਰ, ਸੰਗਰੂਰ ਪੰਜਾਬ-148024 ਰਕਬਾ 382 ਵਰਗ ਫੁੱਟ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਮੁਖਤਿਆਰ ਸਿੰਘ, ਪੱਛਮ : ਗਲੀ, ਉੱਤਰ : ਸਰਬਣ ਸਿੰਘ, ਦੱਖਣ : ਸਰਬਣ ਸਿੰਘ |
| ਕਰਜ਼ਾ ਖਾਤਾ ਨੰ. : 6034493 : ਅਜੈ ਕੁਮਾਰ (ਕਰਜ਼ਦਾਰ), 1 ਕਾਲੂ ਰਾਮ 2. ਰਮੇਸ਼ ਰਾਣੀ (ਸਹਿ-ਕਰਜ਼ਦਾਰ/ਰਹਿਣਕਾਰ) ਟਰੱਸਟ : 200 | 05 ਮਾਰਚ 2026, ਰੁਪਏ 3,34,672/- (ਤਿੰਨ ਲੱਖ ਚੌਂਤੀ ਹਜ਼ਾਰ ਛੇ ਸੌ ਬਹੱਤਰ ਰੁਪਏ ਕੇਵਲ), 30 ਨਵੰਬਰ 2025 ਨੂੰ | 06 ਜੂਨ 2026 | ਅਚੱਲ ਜਾਇਦਾਦ ਰਕਬਾ 13 ਵਰਗ ਫੁੱਟ x 60 ਵਰਗ ਫੁੱਟ = 780 ਵਰਗ ਫੁੱਟ 3 ਮਰਲਾ ਜੋ ਕਿ ਕੁੱਲ 18 ਕਨਾਲ 16 ਮਰਲਾ ਦਾ 6/752 ਹਿੱਸਾ, ਰੈਕਟ ਨੰ. 683 (18-16) ਖੇਵਟ ਨੰ. 267, ਖਤੌਨੀ ਨੰ. 360, ਜਮ੍ਹਾਂਬੰਦੀ ਸਾਲ 2015-16 ਗੋਬਿੰਦ ਨਗਰੀ ਅਬੋਹਰ-1 ਵਿਖੇ ਸਥਿਤ, ਤਹਿਸੀਲ ਅਬੋਹਰ, ਜ਼ਿਲ੍ਹਾ ਫਾਜ਼ਿਲਕਾ, ਰਕਬਾ 780 ਵਰਗ ਫੁੱਟ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਬੌਬੀ ਮਨੰਚਦ ਦਾ ਮਕਾਨ, ਪੱਛਮ : ਗਲੀ, ਉੱਤਰ : ਜੱਗਾ ਦਾ ਮਕਾਨ, ਦੱਖਣ : ਬੂਟਾ ਸਿੰਘ ਦਾ ਮਕਾਨ |

ਮਿਤੀ : 10 ਜੂਨ 2026
ਸਥਾਨ : ਪੰਜਾਬ

ਅਧਿਕਾਰਤ ਅਫ਼ਸਰ
ਸੀ ਐੱਫ ਐੱਮ ਐੱਸਟ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਟਿਡ
[ ਸੀ ਐੱਫ ਐੱਮ ਏ ਆਰ ਸੀ ਟਰੱਸਟ-200 ਦੇ ਟਰੱਸਟੀ ਦੀ ਹੈਸੀਅਤ ਵਜੋਂ ਕਾਰਜਸ਼ੀਲ]

# ਬਲਾਕ ਮਹਿਲ ਕਲਾਂ ਦੇ ਪਿੰਡਾਂ 'ਚ ਪ੍ਰਬੰਧਕਾਂ ਦੀ ਨਿਯੁਕਤੀ ਖ਼ਿਲਾਫ਼ ਮੁੱਖ ਮਾਰਗ ਜਾਮ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**- ਬਲਾਕ ਮਹਿਲ ਕਲਾਂ ਦੇ ਪਿੰਡ ਧਨੇਰ ਦੀ ਸਰਪੰਚ ਮੁਅੱਤਲ, ਚੁਹਾਣਕੇ ਕਲਾਂ, ਨਾਈਵਾਲਾ, ਚੁੰਘਾਂ ਅਤੇ ਚੀਮਾਂ 'ਚ ਪ੍ਰਬੰਧਕਾਂ ਦੀ ਨਿਯੁਕਤੀ ਕੀਤੇ ਜਾਣ ਦੇ ਰੋਸ ਵਜੋਂ ਅੱਜ ਭਾਈ ਲਾਲੋ ਪੰਜਾਬੀ ਮੰਚ ਦੇ ਸੂਬਾ ਆਗੂ ਹਰਜੀਤ ਸਿੰਘ ਖਿਆਲੀ ਦੀ ਅਗਵਾਈ ਹੇਠ ਬੀ.ਡੀ.ਪੀ.ਓ. ਦਫ਼ਤਰ ਮਹਿਲ ਕਲਾਂ ਦਾ ਘਿਰਾਓ ਕਰਨ ਉਪਰੰਤ ਲੁਧਿਆਣਾ-ਬਠਿੰਡਾ ਮੁੱਖ ਮਾਰਗ ਜਾਮ ਕਰ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਆਗੂ ਹਰਜੀਤ ਸਿੰਘ ਖਿਆਲੀ ਨੇ ਆਖਿਆ ਕਿ ਲੋਕਤੰਤਰਕ ਢੰਗ ਨਾਲ ਚੁਣੇ ਹੋਏ ਨੁਮਾਇੰਦਿਆਂ ਦਾ ਪੂਰਾ ਸਤਿਕਾਰ ਹੋਣਾ ਚਾਹੀਦਾ ਹੈ। ਪਰ ਬਲਾਕ ਮਹਿਲ ਕਲਾਂ ਦੇ ਅਧੀਨ ਪੈਂਦੇ ਇਨ੍ਹਾਂ ਪੰਜ ਪਿੰਡਾਂ ਦੇ ਸਰਪੰਚਾਂ ਦੀਆਂ ਸੰਵਿਧਾਨਕ ਸ਼ਕਤੀਆਂ ਨੂੰ ਜਬਰਨ ਖੋਹ ਕੇ ਉੱਥੇ ਸਰਕਾਰੀ ਪ੍ਰਬੰਧਕ ਨਿਯੁਕਤ ਕਰਨਾ ਸ਼ਰੇਆਮ ਧੱਕੇਸ਼ਾਹੀ ਅਤੇ ਲੋਕਤੰਤਰ ਦਾ ਕਤਲ ਹੈ। ਪਿਛਲੇ ਦਿਨੀਂ ਸਿਆਸੀ ਦਬਾਅ ਹੇਠ ਨਿਯਮਾਂ ਨੂੰ ਪੂਰੀ ਤਰ੍ਹਾਂ ਛਿੱਕੇ ਟੰਗ ਕੇ ਪਿੰਡ ਧਨੇਰ ਦੀ ਸਰਪੰਚ ਬੀਬੀ ਅਮਨਪ੍ਰੀਤ ਕੌਰ ਨੂੰ ਮੁਅੱਤਲ ਕਰ ਦਿੱਤਾ ਗਿਆ ਅਤੇ ਇਸ ਤੋਂ ਇਲਾਵਾ ਚੁਹਾਣਕੇ ਕਲਾਂ, ਚੀਮਾ, ਅਤੇ ਚੁੰਘਾਂ ਵਿੱਚ ਵੀ ਪ੍ਰਬੰਧਕਾਂ ਦੀਆਂ ਨਿਯੁਕਤੀਆਂ ਕਰ ਕੇ ਚੁਣੇ ਹੋਏ ਸਰਪੰਚਾਂ ਨੂੰ ਅਹੁਦਿਆਂ ਤੋਂ ਲਾਂਭੇ ਕਰ ਦਿੱਤਾ ਗਿਆ ਹੈ। ਨਾਈਵਾਲਾ ਦੇ ਸਰਪੰਚ ਦੀ ਮੌਤ ਉਪਰੰਤ ਪੰਚਾਂ ਦੀ ਬਹੁ-



ਸੰਮਤੀ ਨੂੰ ਨਜ਼ਰ-ਅੰਦਾਜ਼ ਕਰ ਕੇ ਜਬਰੀ ਪ੍ਰਬੰਧਕ ਨਿਯੁਕਤ ਕੀਤਾ ਗਿਆ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਐਸ.ਸੀ. ਵਿੰਗ ਦੇ ਸੂਬਾ ਜਨਰਲ ਸਕੱਤਰ ਜਸਮੇਲ ਸਿੰਘ ਡੇਅਰੀ ਵਾਲਾ, ਜ਼ਿਲ੍ਹਾ ਚੇਅਰਮੈਨ ਗੁਰਮੇਲ ਸਿੰਘ ਮੌੜ, ਸੂਬਾ ਸਕੱਤਰ ਬਨੀ ਖਹਿਰਾ ਅਤੇ ਐਡਵੋਕੇਟ ਜਸਵੀਰ ਸਿੰਘ ਖੇੜੀ ਨੇ ਪੰਚਾਇਤ ਵਿਭਾਗ ਵੱਲੋਂ ਕੀਤੀ ਗਈ ਇਸ ਮਨਮਾਨੀ ਕਾਰਵਾਈ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ। ਦੂਜੇ ਪਾਸੇ ਮੌਕੇ 'ਤੇ ਪਹੁੰਚੇ ਨਾਇਬ ਤਹਿਸੀਲਦਾਰ ਸੁਖਬੀਰ ਸਿੰਘ ਅਤੇ ਐਸ.ਐਚ.ਓ. ਕੁਲਵਿੰਦਰ ਸਿੰਘ ਧਾਲੀਵਾਲ ਨੇ ਪ੍ਰਦਰਸ਼ਨਕਾਰੀਆਂ ਨਾਲ ਗੱਲਬਾਤ ਰਾਹੀਂ ਇਸ ਗੰਭੀਰ ਮਸਲੇ ਦਾ ਕੋਈ ਵਿਚਕਾਰਲਾ ਹੱਲ ਕੱਢਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਸੰਘਰਸ਼ੀ ਆਗੂ ਪਿੰਡ ਧਨੇਰ ਦੀ ਸਰਪੰਚ ਸਮੇਤ ਬਾਕੀ ਸਾਰੇ ਪਿੰਡਾਂ ਦੇ ਸਰਪੰਚਾਂ ਦੀਆਂ ਸ਼ਕਤੀਆਂ ਤੁਰੰਤ ਪ੍ਰਭਾਵ ਨਾਲ ਬਹਾਲ ਕਰਵਾਏ ਜਾਣ ਦੀ ਮੰਗ 'ਤੇ ਅੜੇ ਰਹੇ। ਅਖੀਰ ਸ਼ਾਮ 5 ਵਜੇ ਆਗੂਆਂ ਨੇ ਡਿਪਟੀ ਕਮਿਸ਼ਨਰ ਬਰਨਾਲਾ ਵਲੋਂ ਸ਼ੁੱਕਰਵਾਰ ਨੂੰ ਮੀਟਿੰਗ ਦਾ ਸਮਾਂ ਦਿੱਤੇ ਜਾਣ ਤੋਂ ਬਾਅਦ ਧਰਨਾ ਸਮਾਪਤ ਕਰ ਦਿੱਤਾ। ਜਿਸ ਦੌਰਾਨ ਬਲਦੇਵ ਸਿੰਘ ਸਹਿਜੜਾ, ਕਿਸਾਨ ਆਗੂ ਪਰਮਜੀਤ ਸਿੰਘ ਢੀਂਡਸਾ, ਡਾ: ਬਲਦੇਵ ਸਿੰਘ ਧਨੇਰ, ਕਾਂਗਰਸ ਦੇ ਐਡਵੋਕੇਟ ਗੁਰਮੁੱਖ ਸਿੰਘ, ਅਕਾਲੀ ਆਗੂ ਬਲਦੇਵ ਸਿੰਘ ਗਾਗੇਵਾਲ, ਸਰਕਲ ਪ੍ਰਧਾਨ ਹਰਨੇਕ ਸਿੰਘ ਪੰਡੋਰੀ, ਸਰਪੰਚ ਅਮਨਪ੍ਰੀਤ ਕੌਰ ਧਨੇਰ, ਰਣਜੀਤ ਸਿੰਘ ਮਿੱਠੂ, ਜਸਪਾਲ ਸਿੰਘ ਬੱਲਾ, ਸਤਨਾਮ ਸਿੰਘ ਧਨੇਰ, ਸੁਰਿੰਦਰ ਸਿੰਘ ਵਜੀਦਕੇ, ਜਗਜੀਤ ਸਿੰਘ ਜੱਗੀ, ਮੇਜਰ ਸਿੰਘ ਸਹਿਜੜਾ, ਪਰਮਜੀਤ ਸਿੰਘ ਗਾਂਧੀ ਆਦਿ ਹਾਜ਼ਰ ਸਨ।

# ਦਰਜਾ ਚਾਰ ਮੁਲਾਜ਼ਮਾਂ ਦੀਆਂ ਤਰੱਕੀਆਂ 5 ਜੁਲਾਈ ਤੱਕ ਕਰਨ ਦਾ ਦਿੱਤਾ ਭਰੋਸਾ

**ਮਾਨਸਾ (ਆਤਮਾ ਸਿੰਘ ਪਮਾਰ)**- ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਫੀਲਡ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਪੀ ਡਬਲਿਊ ਡੀ ਜਲ ਸਪਲਾਈ ਤਾਲਮੇਲ ਸੰਘਰਸ਼ ਕਮੇਟੀ ਪੰਜਾਬ ਦੀ ਮੀਟਿੰਗ



ਡਿਪਟੀ ਡਾਇਰੈਕਟਰ ਪ੍ਰਸ਼ਾਸਨ ਪ੍ਰਸ਼ਾਂਤ ਗਰਗ ਨਾਲ ਮੁੱਖ ਦਫਤਰ ਪਟਿਆਲਾ ਵਿਖੇ ਹੋਈ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਤਾਲਮੇਲ ਸੰਘਰਸ਼ ਕਮੇਟੀ ਦੇ ਕਨਵੀਨਰ ਮਲਾਗਰ ਸਿੰਘ ਖਮਾਣੋ, ਬਿੱਕਰ ਸਿੰਘ ਮਾਖਾ, ਮੁਕੇਸ਼ ਕੰਡਾ ਪਟਿਆਲਾ, ਦਵਿੰਦਰ ਸਿੰਘ ਨਾਭਾ ਨੇ ਦੱਸਿਆ ਕਿ ਡਿਪਟੀ ਡਾਇਰੈਕਟਰ ਪ੍ਰਸ਼ਾਸਨ ਵੱਲੋਂ ਦਰਜ਼ਾ ਚਾਰ ਟੈਸਟ ਪਾਸ ਫੀਲਡ ਮੁਲਾਜ਼ਮਾਂ ਦੀਆਂ ਪ੍ਰਮੋਸ਼ਨਾਂ 5 ਜੁਲਾਈ ਤੱਕ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਇਨਲਿਸਟਮੈਂਟ ਤੇ ਆਊਟਸੋਰਸਿੰਗ ਕਾਮਿਆਂ ਨੂੰ ਵਿਭਾਗ 'ਚ ਸ਼ਾਮਲ ਕਰਨ ਲਈ ਪ੍ਰਪੋਜਲ ਪ੍ਰਸੋਨਲ ਵਿਭਾਗ ਨੂੰ ਭੇਜੀ ਜਾ ਚੁੱਕੀ ਹੈ। ਜੇ ਡੀ ਐਮ ਦੀਆਂ ਚਾਰ ਖਾਲੀ ਅਸਾਮੀਆਂ 'ਤੇ ਪ੍ਰਮੋਸ਼ਨ ਕਰਨ, ਜੂਨੀਅਰ ਇੰਜੀਨੀਅਰਜ ਸਮੇਤ ਰਹਿੰਦੀਆਂ ਕੈਟਾਗਰੀਆਂ ਦਾ 10 ਜੁਲਾਈ ਤੱਕ ਟੈਸਟ ਲੈਣ ਤੇ ਮ੍ਰਿਤਕ ਕਰਮਚਾਰੀਆਂ ਦੇ ਵਾਰਸਾਂ ਨੂੰ ਨੌਕਰੀਆਂ ਦੇਣ ਸਬੰਧੀ ਦਸੰਬਰ 25 ਤੱਕ ਦੇ ਬਕਾਇਆ ਕੇਸ ਸਾਰੇ ਮੁਕੰਮਲ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਮੀਟਿੰਗ 'ਚ ਜਸਵਿੰਦਰ ਸਿੰਘ ਸੀਨੀਅਰ ਸਹਾਇਕ, ਹਰਦੀਪ ਕੁਮਾਰ ਸੰਗਰੂਰ ,ਜਸਵਿੰਦਰ ਸਿੰਘ ਕਾਲਝਰਾਣੀ ,ਹਿੰਮਤ ਸਿੰਘ ਦੋਲੋਵਾਲ, ਜਸਪ੍ਰੀਤ ਸਿੰਘ ਬਾਲੀਆ , ਗੋਪਾਲ ਚੰਦ ਸਹੋਤਾ ,ਮੋਹਣ ਲਾਲ ਗੁਰਸੇਵਕ ਸਿੰਘ ਭਿੱਖੀ,ਸੁੱਖ ਰਾਮ ਕਾਲੇਵਾਲ, ਦਲਜੀਤ ਸਿੰਘ ਘਨੌਲੀ ਆਦਿ ਵੀ ਹਾਜ਼ਰ ਸਨ।

# ਅੰਤਰਰਾਸ਼ਟਰੀ ਪੱਧਰੀ ਕਰਾਟੇ ਚੈਂਪੀਅਨਸ਼ਿਪ 'ਚ ਗੁਰਜੋਤ ਕੌਰ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ

**ਬਰੇਟਾ (ਰੀਤਵਾਲ)**- ਪਿਛਲੇ ਦਿਨੀ ਹੋਈ ਨੇਪਾਲ ਵਿਖੇ ਅੰਤਰਰਾਸ਼ਟਰੀ ਪੱਧਰ ਦੀ ਕਰਾਟੇ ਚੈਂਪੀਅਨਸ਼ਿਪ ਵਿੱਚ ਰੇਹੜੀ ਚਲਾਉਣ ਵਾਲੇ ਭੋਲ਼ਾ ਸਿੰਘ ਦੀ ਧੀ ਗੁਰਜੋਤ ਕੌਰ ਨੇ ਆਪਣੀ ਖੇਡ ਦਾ ਬਹੁਤ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਚੈਂਪੀਅਨਸ਼ਿਪ ਵਿੱਚ ਗੁਰਜੋਤ ਕੌਰ ਨੇ ਗੋਲਡ ਮੈਡਲ ਪ੍ਰਾਪਤ ਕੀਤਾ। ਦੱਸਣਯੋਗ ਹੈ ਕਿ ਗੁਰਜੋਤ ਕੌਰ ਇੰਸਾਂ ਪਟਿਆਲਾ ਯੂਨੀਵਰਸਿਟੀ ਨਾਲ ਸਬੰਧਤ ਕਾਲਜ ਬਹਾਦਰਪੁਰ ਦੀ ਵਿਦਿਆਰਥਣ ਰਹਿ ਚੁੱਕੀ ਹੈ ਅਤੇ ਹੁਣ ਆਤਮਾ ਰਾਮ ਪਬਲਿਕ ਸਕੂਲ ਵਿੱਚ ਕੋਚਿੰਗ ਕਰ ਰਹੀ ਹੈ।




ਕਾਲਜ ਬਹਾਦਰਪੁਰ ਦੇ ਪ੍ਰਿੰਸੀਪਲ ਡਾ ਗੁਰਪ੍ਰੀਤ ਸਿੰਘ ਹਰੀਕਾ, ਬਲਦੇਵ ਸਿੰਘ ਦੋਦੜਾ ਅਤੇ ਆਤਮਾ ਰਾਮ ਪਬਲਿਕ ਸਕੂਲ ਦੇ ਪ੍ਰਬੰਧਕਾਂ ਨੇ ਗੁਰਜੋਤ ਨੂੰ ਵਧਾਈ ਦਿੱਤੀ । ਗੁਰਜੋਤ ਤੇ ਉਸ ਦੇ ਮਾਪਿਆਂ ਨੇ ਕੋਚ ਅਮਨਦੀਪ ਸਿੰਘ ਨੂੰ ਵਧਾਈ ਦਿੱਤੀ ਅਤੇ ਕੋਚ ਨੇ ਗੁਰਜੋਤ ਨੂੰ ਹੋਰ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਵਾਰਡ ਨੰਬਰ ਪੰਜ ਦੇ ਕੌਂਸਲਰ ਦੇ ਪਤੀ ਪੁਨੀਤ ਕੁਮਾਰ, ਆਮ ਆਦਮੀ ਪਾਰਟੀ ਦੇ ਚੇਅਰਮੈਨ ਲਲਿਤ ਜੈਨ, ਕੇਵਲ ਸ਼ਰਮਾ, ਕਾਕੂ ਸਿੰਘ, ਡਾ ਕੁਲਵਿੰਦਰ ਖੁਡਾਲ, ਸਾਧ ਸੰਗਤ ਵੱਲੋਂ ਸੱਚੇ ਨਿਮਰ ਸੇਵਾਦਾਰ ਸਾਗਰ ਸਿੰਘ, ਪ੍ਰਸ਼ੋਤਮ ਕੁਮਾਰ, ਜਸਵੀਰ ਸਿੰਘ ਨੇ ਗੁਰਜੋਤ ਕੌਰ ਦੀ ਹੌਂਸਲਾ ਅਫਜ਼ਾਈ ਕੀਤੀ।

# ਸਵਾ ਕਿਲੋ ਅਫ਼ੀਮ ਤੇ ਡਰੱਗ ਮਨੀ ਸਮੇਤ ਦੋ ਗ੍ਰਿਫ਼ਤਾਰ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**- ਥਾਣਾ ਮਹਿਲ ਕਲਾਂ ਪੁਲਸ ਨੇ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਇੱਕ ਵਿਅਕਤੀ ਅਤੇ ਇੱਕ ਔਰਤ ਨੂੰ 1 ਕਿੱਲੋ 250 ਗ੍ਰਾਮ ਅਫ਼ੀਮ ਅਤੇ 22 ਹਜ਼ਾਰ ਰੁਪਏ ਦੀ ਡਰੱਗ ਮਨੀ ਸਮੇਤ ਕਾਬੂ ਕੀਤਾ ਹੈ। ਇਸ ਸਬੰਧੀ ਡੀ ਐਸ ਪੀ ਸਤਵਿੰਦਰ ਸਿੰਘ ਵਿਰਕ, ਐਸ.ਐਚ.ਓ. ਕੁਲਵਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਸੂਚਨਾ ਦੇ ਆਧਾਰ 'ਤੇ ਲੁਧਿਆਣਾ-ਬਰਨਾਲਾ ਮੁੱਖ ਮਾਰਗ 'ਤੇ ਕਸਬਾ ਮਹਿਲ ਕਲਾਂ ਵਿਖੇ ਬੰਦ ਪਏ ਟੋਲ ਪਲਾਜ਼ਾ ਨੇੜੇ ਨਾਕਾਬੰਦੀ ਕੀਤੀ ਗਈ ਸੀ। ਇਸ ਦੌਰਾਨ ਮਹਿਲ ਕਲਾਂ ਵੱਲ ਆ ਰਹੀ ਚਿੱਟੇ ਰੰਗ ਦੀ ਸਵਿਫ਼ਟ ਕਾਰ ਨੂੰ ਰੋਕ ਕੇ ਤਲਾਸ਼ੀ ਲਈ ਗਈ। ਜਿਸ ਵਿੱਚੋਂ 1 ਕਿੱਲੋ 250 ਗ੍ਰਾਮ ਅਫ਼ੀਮ ਅਤੇ 22 ਹਜ਼ਾਰ ਰੁਪਏ ਦੀ ਡਰੱਗ ਮਨੀ ਬਰਾਮਦ ਹੋਈ। ਪੁਲਸ ਵੱਲੋਂ ਕਾਰ ਚਾਲਕ ਧਰਮਿੰਦਰ ਸਿੰਘ ਮਨਾਲ ਉਸ ਦੀ ਮਹਿਲਾ ਸਾਥੀ ਰਾਧਿਕਾ ਵਾਸੀਆਨ ਮਨਾਲ ਨੂੰ ਮੌਕੇ 'ਤੇ ਗ੍ਰਿਫ਼ਤਾਰ ਕੀਤਾ ਗਿਆ। ਮਹਿਲ ਕਲਾਂ ਪੁਲਸ ਨੇ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੁਲਸ ਵੱਲੋਂ ਮਾਮਲੇ ਦੀ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਗੜੇਮਾਰੀ ਪ੍ਰਭਾਵਿਤ ਕਿਸਾਨਾਂ ਲਈ ਰਾਸ਼ਨ ਸਮੱਗਰੀ ਦਾ ਟਰੱਕ ਮਲੋਟ ਲਈ ਰਵਾਨਾ

**ਭਵਾਨੀਗੜ੍ਹ (ਰਾਜ ਖੁਰਮੀ)**- ਗੜੇਮਾਰੀ ਕਾਰਨ ਪ੍ਰਭਾਵਿਤ ਹੋਏ ਕਿਸਾਨ ਪਰਵਾਰਾਂ ਦੀ ਸਹਾਇਤਾ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਚਲਾਈ ਜਾ ਰਹੀ ਰਾਹਤ ਮੁਹਿੰਮ ਤਹਿਤ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਭਵਾਨੀਗੜ੍ਹ ਤੋਂ ਕਣਕ ਅਤੇ ਹੋਰ ਰਾਸ਼ਨ ਸਮੱਗਰੀ ਨਾਲ ਭਰਿਆ ਟਰੱਕ ਮਲੋਟ ਲਈ ਰਵਾਨਾ ਕੀਤਾ ਗਿਆ। ਇਸ ਮੌਕੇ ਉੱਘੇ ਸਮਾਜ ਸੇਵੀ ਅਤੇ ਸ਼੍ਰੋਮਣੀ ਅਕਾਲੀ ਦਲ ਸੰਗਰੂਰ ਦੇ ਹਲਕਾ ਇੰਚਾਰਜ ਅਰਵਿੰਦ ਖੰਨਾ ਨੇ ਪਾਰਟੀ ਆਗੂਆਂ ਅਤੇ ਵਰਕਰਾਂ ਦੀ ਮੌਜੂਦਗੀ



ਵਿੱਚ ਰਾਹਤ ਸਮੱਗਰੀ ਵਾਲੇ ਟਰੱਕ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਗੜੇਮਾਰੀ ਤੋਂ ਪ੍ਰਭਾਵਿਤ ਕਿਸਾਨ ਪਰਵਾਰਾਂ ਦੀ ਮਦਦ ਲਈ ਇਹ ਵਿਸ਼ੇਸ਼ ਉਪਰਾਲਾ ਕੀਤਾ ਜਾ ਰਿਹਾ ਹੈ।ਅਰਵਿੰਦ ਖੰਨਾ ਨੇ ਦੱਸਿਆ ਕਿ ਹਲਕਾ ਸੰਗਰੂਰ ਦੇ ਸਮੂਹ ਅਕਾਲੀ ਆਗੂਆਂ, ਵਰਕਰਾਂ, ਸੰਗਤਾਂ ਅਤੇ ਇਲਾਕਾ ਨਿਵਾਸੀਆਂ ਵੱਲੋਂ ਇਸ ਸੇਵਾ ਕਾਰਜ ਲਈ ਭਰਵਾਂ ਸਹਿਯੋਗ ਦਿੱਤਾ ਗਿਆ ਹੈ, ਜਿਸ ਸਦਕਾ ਵੱਡੀ ਮਾਤਰਾ ਵਿੱਚ ਰਾਸ਼ਨ ਸਮੱਗਰੀ ਇਕੱਠੀ ਕੀਤੀ ਜਾ ਸਕੀ ਹੈ। ਉਨ੍ਹਾਂ ਇਸ ਮੁਹਿੰਮ ਵਿੱਚ ਯੋਗਦਾਨ ਪਾਉਣ ਵਾਲੇ ਦਾਨੀ ਸੱਜਣਾਂ, ਪਾਰਟੀ ਆਗੂਆਂ, ਵਰਕਰਾਂ ਅਤੇ ਇਲਾਕਾ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਲੋਕਾਂ ਦੇ ਦੁੱਖ-ਸੁੱਖ ਵਿੱਚ ਨਾਲ ਖੜ੍ਹਨ ਲਈ ਵਚਨਬੱਧ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਪ੍ਰਭਾਵਤ ਕਿਸਾਨ ਪਰਿਵਾਰਾਂ ਤੱਕ ਰਾਹਤ ਪਹੁੰਚਾਉਣ ਦੀ ਸੇਵਾ ਅਤੇ ਸਹਿਯੋਗ ਦੀ ਇਹ ਲੜੀ ਅੱਗੇ ਵੀ ਜਾਰੀ ਰਹੇਗੀ।ਇਸ ਮੌਕੇ ਤਜਿੰਦਰ ਪਾਲ ਸਿੰਘ ਸੰਘਰੇੜੀ (ਜ਼ਿਲ੍ਹਾ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ), ਰੁਪਿੰਦਰ ਸਿੰਘ ਰੰਧਾਵਾ (ਸਾਬਕਾ ਚੇਅਰਮੈਨ), ਧਰਮਿੰਦਰ ਸਿੰਘ ਦੁੱਲਟ (ਸਾਬਕਾ ਸਰਪੰਚ, ਸੰਤੋਖਪੁਰਾ), ਭਰਪੂਰ ਸਿੰਘ ਫੱਗੂਵਾਲਾ, ਜਸਵੀਰ ਸਿੰਘ ਬਾਲਦ ਖੁਰਦ (ਸਰਕਲ ਪ੍ਰਧਾਨ), ਗੁਰਨੈਬ ਸਿੰਘ ਰੋਹੀ ਘਰਾਚੋਂ, ਪਰਵਿੰਦਰ ਸਿੰਘ ਘਰਾਚੋਂ, ਕ੍ਰਿਸ਼ਨ ਸਿੰਘ ਭਵਾਨੀਗੜ੍ਹ, ਪ੍ਰਭਜੀਤ ਸਿੰਘ ਲੱਕੀ, ਮਨਦੀਪ ਸਿੰਘ, ਲਾਲ ਸਿੰਘ ਭੜੋ ਅਤੇ ਬਲਜੀਤ ਸਿੰਘ ਜੀਤੀ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਆਗੂ ਅਤੇ ਵਰਕਰ ਹਾਜ਼ਰ ਸਨ।

# ਪ੍ਰੀਤੀ ਜੈਨ ਮਹਿਲਾ ਵਿੰਗ ਦੀ ਜ਼ਿਲ੍ਹਾ ਜੁਆਇੰਟ ਸੈਕਟਰੀ ਨਿਯੁਕਤ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**- ਆਮ ਆਦਮੀ ਪਾਰਟੀ ਪੰਜਾਬ ਵੱਲੋਂ ਸੰਗਠਨਾਤਮਕ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਮਹਿਲਾ ਵਿੰਗ ਦੇ ਨਵੇਂ ਅਹੁਦੇਦਾਰਾਂ ਦਾ ਐਲਾਨ ਕੀਤਾ ਗਿਆ ਹੈ। ਪਾਰਟੀ ਦੀ ਕੇਂਦਰੀ ਅਤੇ ਸੂਬਾਈ ਲੀਡਰਸ਼ਿਪ ਵੱਲੋਂ ਨਗਰ ਕੌਂਸਲ ਪਾਤੜਾਂ ਦੀ ਦੂਜੀ ਵਾਰ ਕੌਂਸਲਰ ਚੁਣੀ ਗਈ ਪ੍ਰੀਤੀ ਜੈਨ ਨੂੰ ਪਟਿਆਲਾ ਅਰਬਨ ਮਹਿਲਾ ਵਿੰਗ ਦਾ ਜ਼ਿਲ੍ਹਾ ਜੁਆਇੰਟ ਸੈਕਟਰੀ ਨਿਯੁਕਤ ਕੀਤਾ ਗਿਆ ਹੈ। ਪਾਰਟੀ ਦੇ ਸੂਬਾ ਪ੍ਰਭਾਰੀ ਮਨੀਸ਼ ਸੁਸ਼ੋਦੀਆ ਅਤੇ ਸੂਬਾ ਪ੍ਰਧਾਨ ਅਮਨ ਅਰੋੜਾ ਦੇ ਦਸਤਖਤਾਂ ਹੇਠ ਜਾਰੀ ਸੂਚੀ ਵਿੱਚ ਪ੍ਰੀਤੀ ਜੈਨ ਨੂੰ ਇਹ ਅਹਿਮ ਜ਼ਿੰਮੇਵਾਰੀ ਦਿੱਤੀ ਗਈ ਹੈ। ਦੂਜੀ ਵਾਰ ਕੌਂਸਲਰ ਬਣਨ ਤੋਂ



ਬਾਅਦ ਮਿਲੀ ਇਹ ਨਵੀਂ ਜ਼ਿੰਮੇਵਾਰੀ ਉਨ੍ਹਾਂ ਦੇ ਸਿਆਸੀ ਕੱਦ ਵਿੱਚ ਹੋਏ ਵਾਧੇ ਦਾ ਸੰਕੇਤ ਮੰਨੀ ਜਾ ਰਹੀ ਹੈ ਅਤੇ ਨਿਯੁਕਤੀ ਤੋਂ ਬਾਅਦ ਪਾਰਟੀ ਆਗੂਆਂ ਅਤੇ ਵਰਕਰਾਂ ਵੱਲੋਂ ਪ੍ਰੀਤੀ ਜੈਨ ਨੂੰ ਵਧਾਈਆਂ ਦੇਣ ਦਾ ਸਿਲਸਿਲਾ ਜਾਰੀ ਹੈ। ਪ੍ਰੀਤੀ ਜੈਨ ਨੇ ਪਾਰਟੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਲਈ ਪਾਰਟੀ ਹਾਈ ਕਮਾਂਡ ਅਤੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਤੋਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦਾ ਧੰਨਵਾਦ ਕਰਦਿਆਂ ਪਾਰਟੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ ਦਾ ਭਰੋਸਾ ਦਿੱਤਾ ਹੈ।

# ਰਾਸ਼ਨ ਡਿਪੂਆਂ ਦੀ ਕੀਤੀ ਗਈ ਚੈਕਿੰਗ

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**- ਪੰਜਾਬ ਸਰਕਾਰ ਵੱਲੋਂ ਚਲਾਈ ਰਸੋਈ ਯੋਜਨਾ ਅਧੀਨ ਰਾਸ਼ਨ ਕਿੱਟਾਂ ਲਾਭਪਾਤਰੀਆਂ ਤੱਕ ਪਹੁੰਚਾਉਣ ਨੂੰ ਯਕੀਨੀ ਬਣਾਉਣ ਲਈ ਫੂਡ ਸਪਲਾਈ ਕਮਿਸ਼ਨਰ ਚੇਤਨ ਕੁਮਾਰ ਧਾਰੀਵਾਲ ਵੱਲੋਂ ਰਾਸ਼ਨ ਡਿਪੂ ਚੈੱਕ ਕੀਤੇ ਗਏ। ਉਨ੍ਹਾ ਵਲੋਂ ਸ਼ਹਿਰ ਵਿੱਚ ਪੈਂਦੇ ਵੱਖ ਵੱਖ ਡੀਪੂ ਹੋਲਡਰਾ ਦੀ ਚੈਕਿੰਗ ਕੀਤੀ ਗਈ। ਫੂਡ ਸਪਲਾਈ ਕਮਿਸ਼ਨਰ ਤੇ ਫੂਡ ਇੰਸਪੈਕਟਰਾਂ ਵੱਲੋਂ ਵੱਖ-ਵੱਖ ਡੀਪੂਆਂ ਦੀ ਚੈਕਿੰਗ ਕੀਤੀ ਗਈ ਤੇ ਲੋੜੀਂਦੀਆਂ ਹਦਾਇਤਾਂ ਦਿੱਤੀਆਂ ਗਈਆਂ। ਇਸ ਮੌਕੇ ਅਜਮੇਰ ਸਿੰਘ ਫੂਡ ਸਪਲਾਈ ਇੰਸਪੈਕਟਰ, ਕਰਮ ਚੰਦ ਫੂਡ ਸਪਲਾਈ ਇੰਸਪੈਕਟਰ, ਧਰਮ ਚੰਦ ਤੇ ਗਗਨਦੀਪ ਸਿੰਘ ਭੁੱਲਰ ਤੇ ਡੀਪੂ ਹੋਲਡਰ ਪ੍ਰੇਮ ਕੁਮਾਰ ਗੱਖੜ ਆਦਿ ਹਾਜ਼ਰ ਸਨ।



# ਪੈਨਸ਼ਨਰਾਂ ਵੱਲੋਂ ਸਰਕਾਰ 'ਤੇ ਹੱਥ ਕੰਡੇ ਅਪਣਾਉਣ ਦੇ ਦੋਸ਼

**ਲੁਧਿਆਣਾ (ਸਤੀਸ਼ ਸਚਦੇਵਾ)**- ਮੰਗਲਵਾਰ ਨੂੰ ਲੁਧਿਆਣਾ ਪੰਜਾਬ ਰਾਜ ਮਨਿਸਟੀਰੀਅਲ ਪੈਨਸ਼ਨਰ ਐਸੋਸੀਏਸ਼ਨ ਦੀ ਹੰਗਾਮੀ ਮੀਟਿੰਗ ਸ ਹਰਵੰਤ ਸਿੰਘ ਮਾਂਗਟ ਜਿਲਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਪੈਨਸ਼ਨਰ ਭਵਨ ਲੁਧਿਆਣਾ ਵਿਖੇ ਹੋਈ ਜਿਸ ਵਿੱਚ ਵਖ ਵਖ ਵਿਭਾਗਾਂ ਦੇ ਪੈਨਸ਼ਨਰਾਂ ਨੇ ਭਾਗ ਲਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਨੇ ਆਖਿਆ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਉਹਨਾਂ ਦਾ ਬਣਦਾ ਮਹਿੰਗਾਈ ਭੱਤਾ ਦੇਣ ਦੀ ਬਜਾਏ ਹਰ ਤਰ੍ਹਾਂ ਦੇ ਹੱਥ ਕੰਡੇ ਅਪਨਾ ਰਹੀ ਹੈ। ਉਹਨਾਂ ਇਹ ਵੀ ਕਿਹਾ ਕਿ ਜੇਕਰ ਸਰਕਾਰ ਵਲੋਂ 30 ਜੂਨ ਤੱਕ ਡੀ ਏ ਦੀ ਅਦਾਇਗੀ ਨਾ ਕੀਤੀ ਤਾਂ ਪੈਨਸ਼ਨਰ ਪੰਜਾਬ ਦੇ ਮੰਤਰੀਆਂ ਦੇ ਘਰਾਂ ਅੱਗੇ ਰੋਸ ਪ੍ਰਦਰਸ਼ਨ ਕਰਨਗੇ। ਮੀਟਿੰਗ ਵਿਚ ਸ੍ਰੀ ਸੁਸ਼ੀਲ ਕੁਮਾਰ ਚੇਅਰਮੈਨ,ਸ੍ਰੀ ਸੁਖਵਿੰਦਰ ਸਿੰਘ , ਗੁਰਦਿਆਲ ਸਿੰਘ, ਜਸਪਾਲ ਸਿੰਘ, ਹਰਜੀਤ ਸਿੰਘ ਗਰੇਵਾਲ, ਦਿਲਜੀਤ ਸਿੰਘ, ਗੁਰਚਰਨ ਸਿੰਘ ਦੁੱਗਾ, ਕੁਲਵੰਤ ਸਿੰਘ ਤੇ ਨਿਰਮਲ ਸਿੰਘ ਲਲਤੋ ਹਾਜਰ ਸਨ ।



# ਦੇਸ਼ ਭਗਤ ਆਯੁਰਵੈਦਿਕ ਕਾਲਜ ਤੇ ਹਸਪਤਾਲ ਆਧੁਨਿਕ ਆਯੁਰਵੈਦਿਕ ਸਹੂਲਤਾਂ ਰਾਹੀਂ ਦੇ ਰਿਹਾ ਸਿਹਤ ਸੇਵਾਵਾਂ

**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**- ਦੇਸ਼ ਭਗਤ ਆਯੁਰਵੇਦਿਕ ਕਾਲਜ ਅਤੇ ਹਸਪਤਾਲ, ਮੰਡੀ ਗੋਬਿੰਦਗੜ੍ਹ ਸਿਹਤ ਸੇਵਾਵਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਨਿਰੰਤਰ ਮਜ਼ਬੂਤ ਕਰਦਿਆਂ ਪ੍ਰਮਾਣਿਕ ਆਯੁਰਵੇਦਿਕ ਇਲਾਜ ਨੂੰ ਆਧੁਨਿਕ ਚਿਕਿਤਸਾ ਸਹੂਲਤਾਂ ਅਤੇ ਮਨੁੱਖੀ ਸੇਵਾ ਭਾਵਨਾ ਨਾਲ ਜੋੜ ਕੇ ਮੁਹੱਈਆ ਕਰਵਾ ਰਿਹਾ ਹੈ। ਪਰੰਪਰਾਵਾਂ ਨਾਲ ਜੁੜਿਆ ਹੋਇਆ ਅਤੇ ਭਵਿੱਖ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਇਹ ਸੰਸਥਾ ਖੇਤਰ ਵਿੱਚ ਕੁਦਰਤੀ ਇਲਾਜ ਅਤੇ ਤੰਦਰੁਸਤੀ ਦਾ ਇੱਕ ਭਰੋਸੇਯੋਗ ਕੇਂਦਰ ਬਣ ਚੁੱਕੀ ਹੈ।ਹਸਪਤਾਲ ਵਿੱਚ ਓਪੀਡੀ ਅਤੇ ਆਈਪੀਡੀ ਸੇਵਾਵਾਂ, ਪੰਚਕਰਮ ਥੈਰੇਪੀ, ਆਯੁਰਵੇਦਿਕ ਫਾਰਮੇਸੀ, ਆਧੁਨਿਕ ਜਾਂਚ ਸਹੂਲਤਾਂ, ਯੋਗਾ ਅਤੇ ਡਾਇਟ ਕਾਊਂਸਲਿੰਗ, ਵਿਸ਼ੇਸ਼ ਰੋਗ ਕਲੀਨਿਕ ਅਤੇ ਸੁਸੱਜਿਤ ਪੰਚਕਰਮ ਯੂਨਿਟਾਂ ਸਮੇਤ ਕਈ ਸਿਹਤ ਸਹੂਲਤਾਂ ਉਪਲਬਧ ਹਨ। ਓਪੀਡੀ ਸੇਵਾਵਾਂ ਅਧੀਨ ਲੰਬੇ ਸਮੇਂ ਵਾਲੀਆਂ ਬਿਮਾਰੀਆਂ ਲਈ ਮਾਹਰ ਆਯੁਰਵੇਦਿਕ ਸਲਾਹ ਪ੍ਰਦਾਨ ਕੀਤੀ ਜਾਂਦੀ ਹੈ, ਜਦਕਿ ਆਈਪੀਡੀ ਸਹੂਲਤਾਂ



ਮਰੀਜ਼ਾਂ ਲਈ ਸਾਫ਼-ਸੁਥਰੀ, ਆਰਾਮਦਾਇਕ ਅਤੇ ਵਿਅਕਤੀਗਤ ਇਲਾਜ ਯੋਜਨਾਵਾਂ ਨਾਲ ਗੁਣਵੱਤਾ ਭਰੀ ਦੇਖਭਾਲ ਯਕੀਨੀ ਬਣਾਉਂਦੀਆਂ ਹਨ। ਹਸਪਤਾਲ ਦੀ ਆਯੁਰਵੇਦਿਕ ਫਾਰਮੇਸੀ ਵਿੱਚ ਖ਼ਾਲਿਸ ਅਤੇ ਗੁਣਵੱਤਾ ਯੁਕਤ ਪਰੰਪਰਾਗਤ ਆਯੁਰਵੇਦਿਕ ਦਵਾਈਆਂ ਸੰਸਥਾ ਵੱਲੋਂ ਤਿਆਰ ਕੀਤੀਆਂ ਜਾਂਦੀਆਂ ਹਨ। ਵਿਸ਼ੇਸ਼ ਕਲੀਨਿਕਾਂ ਵਿੱਚ ਚਮੜੀ ਰੋਗ, ਜੋੜਾਂ ਦੀਆਂ ਸਮੱਸਿਆਵਾਂ, ਪਚਣ ਸੰਬੰਧੀ ਬਿਮਾਰੀਆਂ, ਮਹਿਲਾ ਸਿਹਤ ਸਮੱਸਿਆਵਾਂ, ਸਾਹ ਦੀਆਂ ਬਿਮਾਰੀਆਂ ਅਤੇ ਜੀਵਨ ਸ਼ੈਲੀ ਨਾਲ ਸੰਬੰਧਿਤ ਰੋਗਾਂ ਦਾ ਇਲਾਜ ਮੁਹੱਈਆ ਕਰਵਾਇਆ ਜਾਂਦਾ ਹੈ।ਸੰਸਥਾ ਯੋਗਾ ਅਤੇ ਡਾਇਟ ਕਾਊਂਸਲਿੰਗ ਸੈਸ਼ਨਾਂ ਰਾਹੀਂ ਸਿਹਤਮੰਦ ਜੀਵਨ ਇਸ ਮੌਕੇ ਦੇਸ਼ ਭਗਤ ਆਯੁਰਵੇਦਿਕ ਕਾਲਜ ਅਤੇ ਹਸਪਤਾਲ ਦੇ ਪ੍ਰਿੰਸੀਪਲ ਪ੍ਰੋ. ਡਾ. ਹੇਮਰਾਜ ਨੇ ਕਿਹਾ ਕਿ ਸੰਸਥਾ ਆਯੁਰਵੇਦ ਦੇ ਅਮੋਲਕ ਅਤੇ ਪ੍ਰਾਚੀਨ ਗਿਆਨ ਨੂੰ ਆਧੁਨਿਕ ਸਿਹਤ ਸੇਵਾਵਾਂ ਨਾਲ ਜੋੜ ਕੇ ਸਮਾਜ ਦੀ ਪ੍ਰਭਾਵਸ਼ਾਲੀ ਸੇਵਾ ਕਰਨ ਲਈ ਸਮਰਪਤ ਹੈ।ਤਜਰਬੇਕਾਰ ਫੈਕਲਟੀ, ਆਧੁਨਿਕ ਬੁਨਿਆਦੀ ਢਾਂਚੇ, ਸਾਫ਼-ਸੁਥਰੇ ਅਤੇ ਸ਼ਾਂਤਮਈ ਵਾਤਾਵਰਣ ਅਤੇ ਰਿਸਰਚ ਤੇ ਸੇਵਾ ਪ੍ਰਤੀ ਮਜ਼ਬੂਤ ਵਚਨਬੱਧਤਾ ਨਾਲ ਦੇਸ਼ ਭਗਤ ਆਯੁਰਵੇਦਿਕ ਕਾਲਜ ਅਤੇ ਹਸਪਤਾਲ ਸਿਹਤਮੰਦ ਭਵਿੱਖ ਲਈ ਆਯੁਰਵੇਦ ਅਤੇ ਚਿਕਿਤਸਾ ਪ੍ਰਣਾਲੀ ਨੂੰ ਲਗਾਤਾਰ ਮਜ਼ਬੂਤ ਕਰ ਰਿਹਾ ਹੈ।

# ਮੰਡੀ ਬੋਰਡ ਚੇਅਰਮੈਨ ਬਰਸਟ ਵੱਲੋਂ 1.89 ਕਰੋੜ ਰੁਪਏ ਦੇ ਸੜਕੀ ਪ੍ਰਜੈਕਟ ਦਾ ਉਦਘਾਟਨ

**ਸਮਾਣਾ (ਇਕਬਾਲ ਸਿੰਘ ਬੱਲ)**- ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਹਲਕਾ ਸਮਾਣਾ ਵਿੱਚ ਵਿਕਾਸ ਕਾਰਜਾਂ ਨੂੰ ਹੋਰ ਤੇਜ਼ ਗਤੀ ਦਿੰਦਿਆਂ ਹਲਕੇ ਵਿੱਚ ਕਰੋੜਾਂ ਰੁਪਏ ਦੇ ਸੜਕੀ ਪ੍ਰੋਜੈਕਟ ਦਾ



ਉਦਘਾਟਨ ਕੀਤਾ ਗਿਆ। ਸ. ਬਰਸਟ ਨੇ ਇਲਾਕਾ ਨਿਵਾਸੀਆਂ ਦੀ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਨੂੰ ਪੂਰਾ ਕਰਦਿਆਂ 3.70 ਕਿਲੋਮੀਟਰ ਲੰਬੀ ਸਮਾਣਾ-ਚੀਕਾ ਰੋਡ ਤੋਂ ਧਨੇਠਾ ਤੱਕ ਦੀ ਰੋਡ ਦੇ ਨਿਰਮਾਣ ਕਾਰਜ ਸ਼ੁਰੂ ਕਰਵਾਏ ਅਤੇ ਇਹ ਸੜਕ ਕਰੀਬ 1.89 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਵਗੀ।ਇਸ ਮੌਕੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਸ. ਬਰਸਟ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਨੂੰ ਰੰਗਲਾ ਅਤੇ ਖੁਸ਼ਹਾਲ ਪੰਜਾਬ ਬਣਾਉਣ ਲਈ ਦਿਨ-ਰਾਤ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਸਿਰਫ਼ ਵਾਅਦੇ ਕੀਤੇ, ਪਰ ਮੌਜੂਦਾ ਸਰਕਾਰ ਬਿਨਾਂ ਕਿਸੇ ਪੱਖਪਾਤ ਦੇ ਹਰ ਖੇਤਰ ਵਿੱਚ ਵਿਕਾਸ ਕਰ ਰਹੀ ਹੈ। ਇਸ ਮੌਕੇ ਮਨਜੀਤ ਸਿੰਘ ਸਰਪੰਚ ਗੜ੍ਹੀ ਸਾਹਿਬ, ਪਲਵਿੰਦਰ ਸਿੰਘ ਸਰਪੰਚ ਵੜੈਚਾ ਪੱਤੀ, ਨਰਿੰਦਰ ਸਿੰਘ ਸਰਪੰਚ ਬਰਸਟ, ਰਾਮ ਸਿੰਘ ਕੁਆਰਡੀਨੇਟਰ ਹਲਕਾ ਸਮਾਣਾ ਯੁੱਧ ਨਸ਼ਿਆਂ ਵਿਰੁੱਧ, ਗਿੰਨੀ ਖੰਗੂੜਾ ਵਾਇਸ ਕੁਆਰਡੀਨੇਟਰ ਹਲਕਾ ਸਮਾਣਾ ਯੁੱਧ ਨਸ਼ਿਆਂ ਵਿਰੁੱਧ, ਜੈਂਕੀ ਮਹਿਰਾ, ਟੋਨੀ ਚੋਪੜਾ ਪ੍ਰਧਾਨ ਫੋਟੋਗ੍ਰਾਫੀ ਐਸੋਸੀਏਸ਼ਨ ਸਮਾਣਾ, ਖੁਸ਼ਵਿਰਕ ਸਿੰਘ, ਤਰਲੋਕ ਸਿੰਘ, ਹਰਪਾਲ ਸਿੰਘ ਪਟਵਾਰੀ, ਗੁਰਮੁੱਖ ਸਿੰਘ, ਜੁਗਿੰਦਰ ਸਿੰਘ, ਹਰਪਿੰਦਰ ਸਿੰਘ, ਹਰਿੰਦਰਪਾਲ ਸਿੰਘ, ਜੁਗਿੰਦਰ ਸਿੰਘ, ਅੰਮ੍ਰਿਤਪਾਲ ਸਿੰਘ ਕਾਰਜਕਾਰੀ ਇੰਜੀਨੀਅਰ, ਪੰਕਜ ਮਹਿਰਾ ਐਸ.ਡੀ.ਓ., ਕਮਲਦੀਪ ਨੰਬਰਦਾਰ ਕਮਾਸਪੁਰ, ਜਸਪਾਲ ਸਿੰਘ ਬੀਬੀਪੁਰ, ਸ਼ਾਮ ਲਾਲ ਦੱਤ, ਹਜਾਰੀ ਲਾਲ ਜੌਹਰੀ, ਚਰਨਜੀਤ ਸਿੰਘ ਮਹਿਮਦਪੁਰ, ਬਲਵਿੰਦਰ ਸਿੰਘ ਵੜੈਚ, ਦਰਬਾਰਾ ਸਿੰਘ ਡਰੌਲੀ, ਬਿੰਦਰ ਨਾਗਰ, ਹਰਭਿੰਦਰ ਸਿੰਘ ਰਾਠੀ, ਗੁਰਪਿਆਰ ਸਿੰਘ ਨਵਾਗਾਓ, ਬਲਵਿੰਦਰ ਸਿੰਘ ਪਹਾੜਪੁਰ, ਡਾ. ਹਰਮੇਸ਼, ਤਰਸੇਮ ਲਾਲ ਸੱਸਾ ਗੁੱਜਰਾਂ, ਹੈਪੀ ਕਮਾਸਪੁਰ, ਸਿੰਗਾਰਾ ਸਿੰਘ ਦੁੱਲੜ, ਦੀਪਕ ਗਰਗ, ਹੰਸ ਰਾਜ ਨੰਬਰਦਾਰ ਗਾਜੀਸਲਾਰ ਸਮੇਤ ਸਮੂਹ ਇਲਾਕਾ ਨਿਵਾਸੀ ਮੌਜੂਦ ਰਹੇ।

# ਲੋੜਵੰਦ ਪਰਵਾਰਾਂ ਦੀਆਂ ਔਰਤਾਂ ਨੂੰ ਸਵੈ ਰੁਜ਼ਗਾਰ ਲਈ ਸਿਲਾਈ ਮਸ਼ੀਨਾਂ ਵੰਡੀਆਂ

**ਮਾਨਸਾ (ਆਤਮਾ ਸਿੰਘ ਪਮਾਰ)**- ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਲੋੜਵੰਦ ਪਰਿਵਾਰਾਂ ਦੀਆਂ ਔਰਤਾਂ-ਭੈਣਾਂ ਨੂੰ ਸਵੈ ਰੁਜ਼ਗਾਰ ਮੁਹੱਈਆ ਕਰਵਾਉਣ ਦਾ ਬੀੜਾ ਚੁੱਕਿਆ ਹੋਇਆ ਹੈ। ਇਸੇ ਮੁਹਿੰਮ ਤਹਿਤ ਮੰਗਲਵਾਰ ਵੀ ਲੋੜਵੰਦ ਪਰਿਵਾਰਾਂ ਦੀਆਂ ਔਰਤਾਂ ਨੂੰ ਸਿਲਾਈ ਮਸ਼ੀਨਾਂ ਵੰਡੀਆਂ ਗਈਆਂ।ਇਸ ਮੌਕੇ ਮਾਨਸ਼ਾਹੀਆ ਨੇ ਦੱਸਿਆ ਕਿ ਮਾਨਸਾ ਜ਼ਿਲ੍ਹੇ ਦੇ ਲੋੜਵੰਦ ਪਰਿਵਾਰਾਂ ਦੀਆਂ ਔਰਤਾਂ-ਭੈਣਾਂ ਨੂੰ ਬਿਨਾਂ ਕਿਸੇ ਭੇਦ ਭਾਵ ਤੋਂ ਰੁਜ਼ਗਾਰ ਸ਼ੁਰੂ ਕਰਵਾਉਣ ਲਈ ਇਹ ਮੁਹਿੰਮ ਚਲਾਈ ਗਈ ਹੈ। ਜਿਹੜੀਆਂ ਵੀ ਲੜਕੀਆਂ, ਧੀਆਂ, ਔਰਤਾਂ, ਵਿਧਵਾਵਾਂ ਜਾਂ ਕੋਈ ਵੀ ਸਿਲਾਈ ਦਾ ਕੰਮ ਜਾਣਦੀਆਂ ਹਨ , ਪ੍ਰੰਤੂ ਉਨ੍ਹਾਂ ਕੋਲ ਸਿਲਾਈ ਮਸ਼ੀਨ ਨਹੀਂ ,ਅਜਿਹੇ ਪਰਿਵਾਰਾਂ ਦੀ ਸਵੈ ਰੁਜ਼ਗਾਰ ਚਲਾਉਣ ਲਈ ਉਹ ਹਰ ਸਮੇਂ ਸਹਾਇਤਾ ਲਈ ਹਾਜ਼ਰ ਹਨ।ਮਾਨਸ਼ਾਹੀਆ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਪਿਛਲੇ ਸਮੇਂ ਦੌਰਾਨ ਹਜ਼ਾਰਾਂ ਦੀ ਗਿਣਤੀ 'ਚ ਸਿਲਾਈ ਮਸ਼ੀਨਾਂ ਦਿੱਤੀਆਂ ਜਾ ਚੁੱਕੀਆਂ ਹਨ ਅਤੇ ਮੇਰੀ ਦਿਲੀ ਇੱਛਾ ਹੈ ਕਿ ਇਹ ਮੁਹਿੰਮ ਬਾਦਸਤੂਰ ਜਾਰੀ ਰਹੇ।



# ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਸ਼ਰਧਾਲੂਆਂ ਲਈ ਵਰਦਾਨ : ਡਾ. ਰਹਿਮਾਨ

**ਮਾਲੇਰਕੋਟਲਾ (ਅਸਗਰ ਪਰਿਹਾਰ)**- ਪੰਜਾਬ ਸਰਕਾਰ ਦੀ ਲੋਕ ਭਲਾਈ ਅਤੇ ਧਾਰਮਿਕ ਸਦਭਾਵਨਾ ਨੂੰ ਪ੍ਰਫੁੱਲਤ ਕਰਨ ਵਾਲੀ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਤਹਿਤ ਵਿਧਾਨ ਸਭਾ ਹਲਕਾ ਮਾਲੇਰਕੋਟਲਾ ਦੇ ਵਿਧਾਇਕ ਡਾ.ਜ਼ਮੀਲ ਉਰ ਰਹਿਮਾਨ ਵੱਲੋਂ ਪਿੰਡ ਫਿਰੋਜ਼ਪੁਰ ਕੁਠਾਲਾ ਦੇ ਸ਼ਰਧਾਲੂਆਂ ਨੂੰ ਪਵਿੱਤਰ ਧਰਤੀ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਦਰਸ਼ਨਾਂ ਲਈ ਬੱਸ ਨੂੰ ਹਰੀ ਝੰਡੇ ਦੇ ਕੇ ਰਵਾਨਾ ਕੀਤਾ ਗਿਆ।ਇਸ ਮੌਕੇ ਵਿਧਾਇਕ ਉਰ ਰਹਿਮਾਨ ਨੇ ਸ਼ਰਧਾਲੂਆਂ ਨੂੰ ਯਾਤਰਾ ਦੀਆਂ ਮੁਬਾਰਕਾਂ ਦਿੰਦਿਆਂ ਉਨ੍ਹਾਂ ਦੀ ਸੁਖਮਈ, ਸੁਰੱਖਿਅਤ ਅਤੇ ਆਤਮਿਕ ਤੌਰ 'ਤੇ ਲਾਭਕਾਰੀ ਯਾਤਰਾ ਲਈ ਪ੍ਰਾਰਥਨਾ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਯੋਜਨਾ ਆਮ ਲੋਕਾਂ, ਖਾਸ ਕਰਕੇ ਬਜ਼ੁਰਗਾਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ ਇੱਕ ਵੱਡਾ ਵਰਦਾਨ ਸਾਬਤ ਹੋ ਰਹੀ ਹੈ, ਜਿਸ ਨਾਲ ਹਜ਼ਾਰਾਂ ਸ਼ਰਧਾਲੂਆਂ ਨੂੰ ਪਵਿੱਤਰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦਾ ਸੁਨਹਿਰੀ ਮੌਕਾ ਮਿਲ ਰਿਹਾ ਹੈ।

# ਭਵਾਨੀਗੜ੍ਹ ਬਲਾਕ 'ਚ ਗਰਭਵਤੀ ਮਹਿਲਾਵਾਂ ਲਈ ਵਿਸ਼ੇਸ਼ ਜਾਂਚ ਕੈਂਪ

**ਭਵਾਨੀਗੜ੍ਹ (ਰਾਜ ਖੁਰਮੀ)** : ਸਿਹਤ ਵਿਭਾਗ ਵੱਲੋਂ ਚਲਾਏ ਜਾ ਰਹੇ ਪ੍ਰਧਾਨ ਮੰਤਰੀ ਸੁਰੱਖਿਅਤ ਮਾਤਰਤਵ ਅਭਿਆਨ ਦੇ ਸਫਲਤਾਪੂਰਵਕ 10 ਸਾਲ ਪੂਰੇ ਹੋਣ ਮੌਕੇ ਸਿਹਤ ਬਲਾਕ ਭਵਾਨੀਗੜ੍ਹ ਅਧੀਨ ਵੱਖ-ਵੱਖ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਗਰਭਵਤੀ ਮਹਿਲਾਵਾਂ ਲਈ ਵਿਸ਼ੇਸ਼ ਮੈਡੀਕਲ ਜਾਂਚ ਕੈਂਪ ਲਗਾਏ ਗਏ। ਇਹ ਕੈਂਪ ਸਿਵਲ ਸਰਜਨ ਡਾ. ਅਮਰਜੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਮਹੀਪ ਕੌਰ ਦੀ ਅਗਵਾਈ ਹੇਠ ਆਯੋਜਿਤ ਕੀਤੇ ਗਏ।ਇਸ ਮੌਕੇ ਡਾ. ਮਹੀਪ ਕੌਰ ਨੇ ਦੱਸਿਆ ਕਿ ਸਿਹਤ ਵਿਭਾਗ ਦੀ ਇਸ ਮਹੱਤਵਪੂਰਨ ਯੋਜਨਾ ਤਹਿਤ ਗਰਭਵਤੀ ਮਾਵਾਂ ਨੂੰ ਮੁਫ਼ਤ ਅਤੇ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਹਰ ਮਹੀਨੇ ਦੀ 9 ਅਤੇ 23 ਤਾਰੀਖ ਨੂੰ ਸਰਕਾਰੀ ਸਿਹਤ ਕੇਂਦਰਾਂ ਵਿੱਚ ਵਿਸ਼ੇਸ਼ ਜਾਂਚ ਕੈਂਪ ਲਗਾ ਕੇ ਗਰਭਵਤੀ ਮਹਿਲਾਵਾਂ ਦੀ ਸਿਹਤ ਦੀ ਨਿਗਰਾਨੀ ਕੀਤੀ ਜਾਂਦੀ ਹੈ।ਡਾ. ਨਵਦੀਪ ਕੌਰ ਅਤੇ ਡਾ. ਆਸਥਾ ਗਰਗ ਨੇ ਸੰਤੁਲਿਤ ਖੁਰਾਕ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਥਾਨਕ ਤੌਰ 'ਤੇ ਉਪਲਬਧ ਤਾਜ਼ੇ ਫਲ ਅਤੇ ਸਬਜ਼ੀਆਂ ਸਿਹਤ ਲਈ ਬਹੁਤ ਲਾਭਦਾਇਕ ਹਨ ਅਤੇ ਉਨ੍ਹਾਂ ਨੂੰ ਰੋਜ਼ਾਨਾ ਖੁਰਾਕ ਦਾ ਹਿੱਸਾ ਬਣਾਉਣਾ ਚਾਹੀਦਾ ਹੈ।



# ਵਿੱਦਿਅਕ ਤੇ ਨੈਤਿਕ ਸਿੱਖਿਆ ਦਾ ਸਿਰਮੌਰ ਅਦਾਰਾ ਹੈ ਮਾਤਾ ਗੁਜਰੀ ਕਾਲਜ : ਚੀਮਾ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਮਾਤਾ ਗੁਜਰੀ ਕਾਲਜ ਦੀ ਅਲੂਮਨੀ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਾਲਜ ਪਹੁੰਚ ਕੇ ਦਾਖਲਾ ਸੈੱਲ ਵਿੱਚ ਵਿਦਿਆਰਥੀਆਂ ਦਾ ਦਾਖ਼ਲੇ ਲਈ




ਉਤਸ਼ਾਹ ਵੇਖ ਕੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ। ਇਸ ਦੌਰਾਨ ਉਨ੍ਹਾਂ ਇਸ ਤੋਂ ਪਹਿਲਾਂ ਡਾ. ਬਿਕਰਮਜੀਤ ਸਿੰਘ ਸੰਧੂ ਨੂੰ ਕਾਲਜ ਦੇ ਪ੍ਰਿੰਸੀਪਲ ਦਾ ਕਾਰਜਭਾਰ ਸੰਭਾਲਣ 'ਤੇ ਵਧਾਈ ਦਿੰਦਿਆਂ ਆਪਣੇ ਵੱਲੋਂ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ।ਚੀਮਾ ਨੇ ਕਿਹਾ ਕਿ ਮਾਤਾ ਗੁਜਰੀ ਕਾਲਜ ਦੀ ਅਲੂਮਨੀ ਐਸੋਸੀਏਸ਼ਨ ਵੱਲੋਂ ਹੋਣਹਾਰ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਿਦਿਆਰਥੀਆਂ ਨੂੰ ਸਮੇਂ-ਸਮੇਂ 'ਤੇ ਖੁੱਲ੍ਹੇ ਦਿਲ ਨਾਲ ਮਾਲੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਉਨ੍ਹਾਂ ਇਹ ਵਿਸ਼ਵਾਸ ਦਿਵਾਇਆ ਕਿ ਭਵਿੱਖ ਵਿੱਚ ਵੀ ਐਸੋਸੀਏਸ਼ਨ ਦਾ ਇਹ ਉੱਦਮ ਜਾਰੀ ਰਹੇਗਾ। ਚੀਮਾ ਨੇ ਮਾਤਾ ਗੁਜਰੀ ਕਾਲਜ ਨੂੰ ਵਿੱਦਿਅਕ ਅਤੇ ਨੈਤਿਕ ਸਿੱਖਿਆ ਦਾ ਸਿਰਮੌਰ ਅਦਾਰਾ ਦੱਸਦਿਆਂ ਵਿਦਿਆਰਥੀਆਂ ਨੂੰ ਇੱਥੇ ਦਾਖ਼ਲਾ ਲੈ ਕੇ ਆਪਣਾ ਭਵਿੱਖ ਰੌਸ਼ਨ ਬਣਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਸੰਧੂ ਨੇ ਚੀਮਾ ਦਾ ਕਾਲਜ ਵਿਖੇ ਨਿੱਘਾ ਸਵਾਗਤ ਕਰਦਿਆਂ ਕਾਲਜ ਦੀ ਅਲੂਮਨੀ ਐਸੋਸੀਏਸ਼ਨ ਵੱਲੋਂ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਦੀ ਸਹਾਇਤਾ ਲਈ ਨਿਭਾਈ ਜਾ ਰਹੀ ਵਡਮੁੱਲੀ ਭੂਮਿਕਾ ਦੀ ਭਰਪੂਰ ਸ਼ਲਾਘਾ ਕੀਤੀ।ਇਸ ਮੌਕੇ ਕਾਲਜ ਦੇ ਐਡਮਿਸ਼ਨ ਕੋਆਰਡੀਨੇਟਰ ਡਾ. ਹਰਜੀਤ ਸਿੰਘ, ਡਾ. ਜਗਦੀਸ਼ ਸਿੰਘ, ਪ੍ਰੋ. ਮੁਹੰਮਦ ਅਨਵਰ, ਡੀਨ ਅਲੂਮਨੀ ਐਸੋਸੀਏਸ਼ਨ ਡਾ. ਸਤਨਾਮ ਸਿੰਘ ਅਤੇ ਹੋਰ ਸਟਾਫ਼ ਮੈਂਬਰ ਵੀ ਮੌਜੂਦ ਸਨ।

# ਨਵੀਂ ਭਰਤੀ ਹੋਣ ਕਾਰਨ ਸਹਿਕਾਰਤਾ ਆਡਿਟ ਵਿਭਾਗ 'ਚ ਖ਼ੁਸ਼ੀ ਦੀ ਲਹਿਰ



**ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ 'ਮਿਸ਼ਨ ਰੋਜ਼ਗਾਰ' ਤਹਿਤ ਸਰਕਾਰੀ ਵਿਭਾਗਾਂ ਵਿੱਚ ਭਰਤੀ ਦੌਰਾਨ ਦਫ਼ਤਰ ਚੀਫ਼ ਆਡੀਟਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਵਿੱਚ ਮੈਰਿਟ ਦੇ ਆਧਾਰ 'ਤੇ ਭਰਤੀ ਹੋਏ ਇੰਸਪੈਕਟਰ ਆਡਿਟ ਨੂੰ ਨਿਯੁਕਤੀ ਪੱਤਰ ਸੌਂਪੇ ਗਏ। ਇੰਸਪੈਕਟਰ ਆਡਿਟ ਵਿਭਾਗ ਦੀ ਰੀੜ੍ਹ ਦੀ ਹੱਡੀ ਵਾਂਗ ਹੁੰਦੇ ਹਨ, ਇਸ ਲਈ ਨਵੀਂ ਭਰਤੀ ਨਾਲ ਵਿਭਾਗ ਵਿੱਚ ਖ਼ੁਸ਼ੀ ਦੀ ਲਹਿਰ ਹੈ ।ਇਹਨਾਂ ਨਵ-ਨਿਯੁਕਤ ਕਰਮਚਾਰੀਆਂ ਨੂੰ ਮਨੀਲਾ ਭਾਂਬਰੀ ਚੀਫ਼ ਆਡੀਟਰ ਪੰਜਾਬ ਸਰਕਾਰ ਵੱਲੋਂ ਵਧਾਈ ਦਿੰਦਿਆਂ ਹੋਏ ਕਿਹਾ ਕਿ ਆਪਣੇ ਕੰਮ ਨੂੰ ਪੂਰੀ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਕਰਨ ਨਾਲ ਹੀ ਵਿਭਾਗ ਦੀ ਬਿਹਤਰੀ ਅਤੇ ਆਪਣੇ ਹੁਨਰ/ਪ੍ਰਤਿਭਾ ਦਿਖਾਉਣ ਦਾ ਇਹ ਸੁਨਹਿਰੀ ਮੌਕਾ ਹੈ। ਇਸ ਮੌਕੇ ਵਿਭਾਗ ਦੇ ਅਮਲਾ ਅਫ਼ਸਰ ਮੈਡਮ ਬਲਜਿੰਦਰ ਕੌਰ, ਡਿਪਟੀ ਚੀਫ਼ ਆਡੀਟਰ ਨਰਦੀਪ ਸਿੰਘ, ਡਿਪਟੀ ਚੀਫ਼ ਆਡੀਟਰ ਵਿਜੈ ਸਿੰਗਲਾ, ਸੁਪਰਿੰਟੈਂਡੈਂਟ ਤੇਜਿੰਦਰ ਸਿੰਘ, ਸੀਨੀਅਰ ਸਹਾਇਕ ਵਿਸ਼ਾਲ ਬੇਦੀ ਆਦਿ ਹਾਜ਼ਰ ਰਹੇ।

# ਮੋਟਰਸਾਈਕਲ ਸਵਾਰਾਂ ਨੂੰ ਅਣਪਛਾਤੇ ਵਾਹਨ ਨੇ ਮਾਰੀ ਟੱਕਰ, 2 ਦੀ ਮੌਤ

**ਭੀਖੀ (ਧਰਮਵੀਰ ਸ਼ਰਮਾ)**- ਸਥਾਨਕ ਸੁਨਾਮ ਰੋਡ 'ਤੇ ਡਰੇਨ ਦੇ ਨਜ਼ਦੀਕ ਸ਼ਾਮ ਕਰੀਬ 6 ਵਜੇ ਇੱਕ ਅਣਪਛਾਤੇ ਵਾਹਨ ਵਲੋਂ ਮੋਟਰਸਾਈਕਲ ਨੂੰ ਟੱਕਰ ਮਾਰੇ ਜਾਣ ਨਾਲ 2 ਵਿਅਕਤੀਆਂ ਦੀ ਦਰਦਨਾਕ ਮੌਤ ਹੋ ਗਈ। ਇਕੱਤਰ ਜਾਣਕਾਰੀ ਅਨੁਸਾਰ ਨੇੜਲੇ ਪਿੰਡ ਹਮੀਰਗੜ੍ਹ ਢੈਪਈ ਦੇ ਨਿਵਾਸੀ ਰਣਇੰਦਰ ਸਿੰਘ (18) ਪੁੱਤਰ ਝੰਡਾ ਸਿੰਘ ਅਤੇ ਸੁਖਵੀਰ ਸਿੰਘ (18) ਪੁੱਤਰ ਮੱਖਣ ਸਿੰਘ ਆਪਣੇ ਮੋਟਰਸਾਈਕਲ 'ਤੇ ਪਿਛੇ ਲਗਾਈ ਰੇਹੜੀ ਵਿੱਚ ਭੀਖੀ ਤੋਂ ਕੂਲਰ ਲੈ ਕੇ ਪਿੰਡ ਹਮੀਰਗੜ੍ਹ ਢੈਪਈ ਵੱਲ ਜਾ ਰਹੇ ਸਨ ਕਿ ਡਰੇਨ ਪੁਲ ਕੋਲ ਭੀਖੀ ਵਲੋਂ ਆ ਰਹੇ ਕਿਸੇ ਅਣਪਛਾਤੇ ਵਾਹਨ ਨੇ ਉਨ੍ਹਾਂ ਨੂੰ ਪਿੱਛੋਂ ਟੱਕਰ ਮਾਰ ਦਿੱਤੀ ਅਤੇ ਵਾਹਨ ਚਾਲਕ ਮੌਕੇ ਤੋਂ ਵਾਹਨ ਸਮੇਤ ਫਰਾਰ ਹੋ ਗਿਆ। ਮੋਟਰਸਾਈਕਲ ਸਵਾਰਾਂ ਨੂੰ ਸਥਾਨਕ ਲੋਕਾਂ ਵਲੋਂ ਇਲਾਜ ਲਈ ਸਿਵਲ ਹਸਪਤਾਲ ਮਾਨਸਾ ਵਿਖੇ ਭੇਜਿਆ ਗਿਆ ਜਿਥੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਭੀਖੀ ਪੁਲਸ ਦੇ ਏ.ਐਸ.ਆਈ. ਗੁਰਚਰਨ ਸਿੰਘ ਨੇ ਦੱਸਿਆ ਕਿ ਹਾਦਸਾ ਪੀੜਿਤਾਂ ਨੂੰ ਸਿਵਲ ਹਸਪਤਾਲ ਮਾਨਸਾ ਵਿਖੇ ਭੇਜਿਆ ਗਿਆ ਹੈ ਅਤੇ ਉਨ੍ਹਾਂ ਵਲੋਂ ਫੇਟ ਮਾਰਨ ਵਾਲੇ ਵਾਹਨ ਦੀ ਭਾਲ ਕੀਤੀ ਜਾ ਰਹੀ ਹੈ।



# ਸਬ ਡਵੀਜ਼ਨ ਕੰਪਲੈਕਸ 'ਚ ਵਾਤਾਵਰਨ ਦਿਵਸ ਮਨਾਇਆ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**— ਜੰਗਲਾਤ ਵਿਭਾਗ ਵੱਲੋਂ ਵਾਤਾਵਰਨ ਦਿਵਸ ਨੂੰ ਸਮਰਪਿਤ ਸੂਬੇ ਵਿੱਚ ਰੁੱਖ ਲਗਾਉਣ ਦੀ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਸਬ ਡਿਵੀਜ਼ਨ ਕੰਪਲੈਕਸ ਵਿਖੇ ਪਾਤੜਾਂ ਬਲਾਕ ਅਫ਼ਸਰ ਰਮਨਦੀਪ ਕੌਰ ਦੀ ਅਗਵਾਈ ਵਿੱਚ ਐਸ ਡੀ ਐਮ ਪਾਤੜਾਂ ਕਾਲਾ ਰਾਮ ਕਾਂਸਲ ਨੇ ਪੌਦੇ ਲਗਾ ਕੇ ਮੁਹਿੰਮ ਦਾ ਆਗਾਜ਼ ਕੀਤਾ। ਪੌਦੇ ਲਗਾਉਣ ਉਪਰੰਤ ਐਸ ਡੀ ਐਮ ਕਾਲਾ ਰਾਮ ਕਾਂਸਲ ਨੇ ਕਿਹਾ ਕਿ ਗਲੋਬਲ ਵਾਰਮਿੰਗ ਦੇ ਚੱਲਦਿਆਂ ਮੌਸਮ ਵਿੱਚ ਵੱਡੇ ਪੱਧਰ ਉੱਤੇ ਵਿਗਾੜ ਪੈਦਾ ਹੋ ਰਹੇ ਹਨ। ਜਿਸ ਕਾਰਨ ਗਰਮੀਆਂ ਦੇ ਮੌਸਮ ਵਿੱਚ ਜਿੱਥੇ ਗਰਮੀ ਵਿੱਚ ਬੇਹਤਾਸ਼ਾ ਵਾਧਾ ਹੋ ਰਿਹਾ ਹੈ ਉੱਥੇ ਸਰਦੀਆਂ ਤੇ ਬਰਸਾਤ ਦੇ ਮੌਸਮ ਵਿੱਚ ਵੀ ਲਗਾਤਾਰ ਬਦਲਾਅ ਹੋ ਰਹੇ ਹਨ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਬੇਹਦ ਘਾਤਕ ਹੈ। ਉਹਨਾਂ ਕਿਹਾ ਕਿ ਮੌਸਮ ਵਿੱਚ ਆ ਰਹੀਆਂ ਇਹਨਾਂ ਤਬਦੀਲੀਆਂ ਤੋਂ ਬਚਾਅ ਲਈ ਰੁੱਖ ਹੀ ਇੱਕ ਸਾਧਨ ਹਨ। ਇਸ ਦੌਰਾਨ ਜੰਗਲਾਤ ਵਿਭਾਗ ਦੇ ਬੀਟ ਇੰਚਾਰਜ ਜਸਵੀਰ ਸਿੰਘ ਸਰਾਓ ਨੇ ਦੱਸਿਆ ਕਿ ਵਿਭਾਗ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਪਟਿਆਲਾ ਜਿਲ੍ਹੇ ਵਿੱਚ ਸਾਢੇ ਛੇ ਲੱਖ ਦੇ ਕਰੀਬ ਰੁੱਖ ਲਗਾਏ ਜਾਣ ਦਾ ਟੀਚਾ ਮਿਥਿਆ ਗਿਆ ਹੈ। ਉਹਨਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਫਲਦਾਰ ਅਤੇ ਫੁੱਲਦਾਰ ਰੁੱਖਾਂ ਦੇ ਨਾਲ ਨਾਲ ਪੰਜਾਬ ਦੇ ਪੁਰਾਣੇ ਰਿਵਾਇਤੀ ਰੁੱਖ ਕਿੱਕਰ, ਬੋਹੜ, ਪਿੱਪਲ, ਨਿੰਮ, ਜੰਡ, ਸੁਹਾਝਨਾਂ ਕਚਨਾਰ ਅਤੇ ਇਮਲੀ ਵਰਗੇ ਰੁੱਖ ਪੰਚਾਇਤਾਂ ਅਤੇ ਪੇਂਡੂ ਕਲੱਬਾਂ ਦੇ ਨਾਲ ਨਾਲ ਸਮਾਜ ਸੇਵੀ ਜਥੇਬੰਦੀਆਂ ਦੇ ਸਹਿਯੋਗ ਨਾਲ ਲਗਾਏ ਜਾ ਰਹੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਰਿੰਦਰ ਸਿੰਘ, ਸਤਪਾਲ ਸਿੰਘ, ਸ਼ਸ਼ੀ ਬਾਲਾ ਬਲਵਿੰਦਰ ਸਿੰਘ ਅਤੇ ਸਿਮਰਨ ਸਿੰਘ ਆਦਿ ਹਾਜ਼ਰ ਸਨ।



# ਵਿਸ਼ਾਲ ਜੈਨ ਪਟਨੀ ਤੇਰਾਪੰਥੀ ਜੈਨ ਸਭਾ ਜਗਰਾਉਂ ਦੇ ਪ੍ਰਧਾਨ ਬਣਨ 'ਤੇ ਭਾਈਚਾਰਾ ਖੁਸ਼

**ਜਗਰਾਉਂ** : ਅਮਿਤ ਖੰਨਾ 2026-28 ਸੈਸ਼ਨ ਲਈ ਸ਼੍ਰੀ ਜੈਨ ਸ਼ਵੇਤਾਂਬਰ ਤੇਰਾਪੰਥੀ ਸਭਾ, ਜਗਰਾਉਂ ਦੇ ਪ੍ਰਧਾਨ ਵਜੋਂ ਨੌਜਵਾਨ ਸਮਾਜ ਸੇਵਕ ਅਤੇ ਮਹਾਪ੍ਰਗਿਆ ਸਕੂਲ ਦੇ ਡਾਇਰੈਕਟਰ ਸ੍ਰੀ ਵਿਸ਼ਾਲ ਜੈਨ ਪਾਟਨੀ ਦੀ ਸਰਬਸੰਮਤੀ ਨਾਲ ਨਾਮਜ਼ਦਗੀ 'ਤੇ ਭਾਈਚਾਰਾ ਖੁਸ਼ ਹੈ। ਉਨ੍ਹਾਂ ਦੀ ਚੋਣ ਨੂੰ ਸੰਗਠਨ ਲਈ ਇੱਕ ਮਹੱਤਵਪੂਰਨ ਪ੍ਰਾਪਤੀ ਮੰਨਿਆ ਜਾ ਰਿਹਾ ਹੈ। ਭਾਈਚਾਰੇ ਦੇ ਵੱਖ-ਵੱਖ ਵਰਗਾਂ ਨੇ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ ਹਨ ਅਤੇ ਵਿਸ਼ਵਾਸ ਪ੍ਰਗਟ ਕੀਤਾ ਹੈ ਕਿ ਉਨ੍ਹਾਂ ਦੀ ਅਗਵਾਈ ਹੇਠ, ਤੇਰਾਪੰਥੀ ਸਭਾ ਨਵੀਆਂ ਉਚਾਈਆਂ 'ਤੇ ਪਹੁੰਚੇਗੀ।ਜਗਰਾਉਂ ਦੇ ਸੁਪ੍ਰਸਿੱਧ ਅਤੇ ਸਤਿਕਾਰਯੋਗ ਲਾਲਾ ਝੰਡੂ ਮਲ-ਤਿਲਕ ਰਾਜ ਜੈਨ ਪਾਟਨੀ ਪਰਿਵਾਰ ਦੇ ਵੰਸ਼ਜ, ਵਿਸ਼ਾਲ ਜੈਨ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਸਫਲਤਾਪੂਰਵਕ ਇੱਕ ਸਕੂਲ ਦੇ ਸੰਚਾਲਨ ਨਾਲ ਕੀਤੀ, ਜਿਸ ਵਿੱਚ ਬਹੁਤ ਸਾਰੇ ਲੋਕਾਂ ਨੂੰ ਰੁਜ਼ਗਾਰ, ਸਿਖਲਾਈ ਅਤੇ ਸਵੈ-ਨਿਰਭਰਤਾ ਦੇ ਮੌਕੇ ਪ੍ਰਦਾਨ ਕੀਤੇ ਗਏ। ਬਾਅਦ ਵਿੱਚ, ਉਨ੍ਹਾਂਨੇ ਅਖਿਲ ਭਾਰਤੀ ਤੇਰਾਪੰਥ ਯੁਵਕ ਪ੍ਰੀਸ਼ਦ ਦੇ ਪਲੇਟਫਾਰਮ ਰਾਹੀਂ ਧਾਰਮਿਕ ਜਗਤ ਵਿੱਚ ਆਪਣੀ ਵੱਖਰੀ ਪਛਾਣ ਸਥਾਪਿਤ ਕੀਤੀ।ਸ੍ਰੀ ਵਿਸ਼ਾਲ ਜੈਨ ਦਾ ਸਮਾਜਿਕ ਅਤੇ ਧਾਰਮਿਕ ਦੋਵਾਂ ਖੇਤਰਾਂ ਵਿੱਚ ਯੋਗਦਾਨ ਸ਼ਾਨਦਾਰ ਰਿਹਾ ਹੈ।ਇਸ ਮੌਕੇ ਸੀਨੀਅਰ ਸ਼੍ਰਾਵਕ ਸ਼੍ਰੀ ਕੁਲਦੀਪ ਚੰਦ ਜੈਨ ਪਾਟਨੀ, ਜਨਕ ਰਾਜ ਜੈਨ ਪਾਟਨੀ, ਸਾਬਕਾ ਪ੍ਰਧਾਨ ਪ੍ਰਵੀਨ ਜੈਨ, ਮਹਾਸਭਾ ਮੈਂਬਰ ਨਵਨੀਤ ਗੁਪਤਾ, ਵਿਨੋਦ ਜੈਨ, ਦਿਨੇਸ਼ ਗੋਇਲ, ਅਸ਼ੋਕ ਕੁਮਾਰ, ਸਾਬਕਾ ਮੰਤਰੀ ਲਲਿਤ ਮੋਹਨ, ਮੋਹਨ ਲਾਲ, ਰਾਜਿੰਦਰ ਗੋਇਲ, ਵਿਵੇਕ ਜੈਨ ਪਾਟਨੀ, ਮਹਿਲਾ ਵਿੰਗ ਦੀ ਪ੍ਰਧਾਨ ਪ੍ਰੋਮਿਲਾ ਜੈਨ, ਪੂਜਾ ਜੈਨ,ਯੂਵਤੀ ਮੰਡਲ ਅਧਿਅਕਸ਼ਾ ਸੰਜੋਲੀ ਜੈਨ, ਯੂਵਾ ਕਾਰਜਕਰਤਾ ਵੈਭਵ ਜੈਨ, ਮੁਨੀਸ਼ ਜੈਨ, ਅੰਕੁਸ਼ ਜੈਨ ਪਾਟਨੀ, ਅਮਿਤ ਬਾਂਸਲ, ਰਾਕੇਸ਼ ਬਾਂਸਲ, ਹਰਸ਼ ਜੈਨ ਪਾਟਨੀ ਆਦਿ ਹਾਜ਼ਰ ਸਨ।



# ਪੱਕਾ ਨਹਿਰੀ ਖਾਲ ਢਾਹੁਣ ਦੇ ਦੋਸ਼ 'ਚ ਔਰਤ ਵਿਰੁੱਧ ਮੁਕੱਦਮਾ ਦਰਜ

**ਜਲਾਲਾਬਾਦ (ਜੀਤ ਕੁਮਾਰ)**- ਥਾਣਾ ਵੈਰੋਕੇ ਦੀ ਪੁਲਸ ਨੇ ਅਰਾਈਆਂਵਾਲਾ ਵਿਖੇ ਪੱਕਾ ਨਹਿਰੀ ਖਾਲ ਢਾਹ ਕੇ ਸਰਕਾਰੀ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਵਿਚ ਇਕ ਔਰਤ ਵਿਰੁੱਧ ਮੁਕੱਦਮਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਐਚ.ਸੀ. ਕਾਰਜ ਸਿੰਘ ਨੇ ਦੱਸਿਆ ਕਿ ਐਸ.ਡੀ.ਐਮ. ਲਖਣਪਾਲ ਉਪ ਮੰਡਲ ਅਫਸਰ ਜਲਾਲਾਬਾਦ, ਉਪ ਮੰਡਲ ਸੀ.ਸੀ. ਅਮੀਰ ਖਾਸ ਵੱਲੋਂ ਪੱਤਰ ਨੰਬਰ 185 ਮਿਤੀ 09-06-2026 ਨੂੰ ਦਿੱਤਾ ਗਿਆ ਸੀ ਕਿ ਮੋਘਾ ਬੁਰਜੀ ਨੰਬਰ 7790-ਆਰ ਬਰਕਤ ਵਾਹ ਮਾਈਨਰ ਪਿੰਡ ਅਰਾਈਆਂਵਾਲਾ ਦਾ ਪੱਕਾ ਨਹਿਰੀ ਖਾਲ ਢਾਹ ਕੇ ਸਰਕਾਰੀ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ, ਜਿਸ ਤੇ ਪੁਲਸ ਵੱਲੋਂ ਥਾਣਾ ਵੈਰੋਕੇ ਵਿਖੇ ਧਾਰਾ 326 (ਏ),326(ਈ) ਬੀ.ਐਨ.ਐਸ., ਜਨਤਕ ਜਾਇਦਾਦ ਨੂੰ ਨੁਕਸਾਨ ਦੀ ਰੋਕਥਾਮ ਐਕਟ 1984 3,4, 52 ਪੰਜਾਬ ਨਹਿਰ ਅਤੇ ਡਰੇਨੇਜ ਐਕਟ 2023 ਅਧੀਨ ਵਜੀਰਾ ਬਾਈ ਪੁੱਤਰੀ ਫੌਜਾ ਸਿੰਘ ਵਾਸੀ ਅਰਾਈਆਂਵਾਲਾ ਦੇ ਵਿਰੁੱਧ ਮੁਕੱਦਮਾ ਦਰਜ ਕੀਤਾ ਹੈ।

# ਮਾਰਕੀਟ ਕਮੇਟੀ ਸਕੱਤਰ ਨੇ ਅਹੁਦਾ ਸੰਭਾਲਿਆ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**- ਮਾਰਕੀਟ ਕਮੇਟੀ ਪਾਤੜਾਂ ਦੇ ਨਵੇਂ ਆਏ ਸਕੱਤਰ ਅਮਨਦੀਪ ਸਿੰਘ ਨੇ ਆਪਣਾ ਅਹੁਦਾ ਸੰਭਾਲ ਲਿਆ ਹੈ। ਮੂਨਕ ਤੋਂ ਬਦਲ ਕੇ ਪਾਤੜਾਂ ਆਏ ਸਕੱਤਰ ਅਮਨਦੀਪ ਸਿੰਘ ਨੇ ਐਸ ਡੀ ਐਮ ਪਾਤੜਾਂ ਕਾਲਾ ਰਾਮ ਕਾਂਸਲ ਦੀ ਹਾਜ਼ਰੀ ਵਿੱਚ ਆਪਣਾ ਅਹੁਦਾ ਸੰਭਾਲਿਆ। ਅਹੁਦਾ ਸੰਭਾਲਣ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ, ਸ਼ਹਿਰ ਦੇ ਵਪਾਰੀਆਂ ਅਤੇ ਮਾਰਕੀਟ ਕਮੇਟੀ ਪਾਤੜਾਂ ਦੇ ਮੁਲਾਜ਼ਮਾਂ ਨੇ ਗੁਲਦਸਤੇ ਭੇਟ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ। ਚੇਅਰਮੈਨ ਬਰਾੜ ਨੇ ਕਿਹਾ ਕਿ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪ੍ਰਸ਼ਾਸਨ ਨੂੰ ਚੁਸਤ ਦਰੁਸਤ ਕਰਨ ਲਈ ਕੀਤੀਆਂ ਗਈਆਂ ਬਦਲੀਆਂ ਦੇ ਤਹਿਤ ਅਮਨਦੀਪ ਸਿੰਘ ਨੂੰ ਪਾਤੜਾਂ ਲਗਾਇਆ ਗਿਆ ਹੈ। ਉਹ ਇਸ ਤੋਂ ਪਹਿਲਾਂ ਵੀ ਇਥੇ ਸੇਵਾ ਨਿਭਾ ਚੁੱਕੇ ਹਨ।



# ਐਡਵੋਕੇਟ ਅਮਿਤ ਅਗਰਵਾਲ ਤੇ ਸੁਖਜਿੰਦਰ ਵਾਂਦਰ ਨੇ ਲਗਾਏ ਪੌਦੇ



**ਬਾਘਾ ਪੁਰਾਣਾ (ਮਨੀ ਸਿੰਗਲਾ)**- ਵਿਸ਼ਵ ਵਾਤਾਵਰਨ ਦਿਵਸ ਮੌਕੇ ਭਾਰਤੀ ਜਨਤਾ ਪਾਰਟੀ ਦੇ ਆਰ ਟੀ ਆਈ ਸੈੱਲ ਦੇ ਕੋ ਕਨਵੀਨਰ ਅਮਿਤ ਅਗਰਵਾਲ ਸਮਾਜ ਸੇਵੀ ਅਤੇ ਉੱਘੇ ਸਮਾਜ ਸੇਵੀ ਸੁਖਜਿੰਦਰ ਸਿੰਘ ਵਾਂਦਰ ਸਕੱਤਰ ਕਿਸਾਨ ਮੋਰਚਾ ਵੱਲੋਂ ਵਾਤਾਵਰਨ ਦੀ ਸੁਰੱਖਿਆ ਅਤੇ ਹਰਿਆਵਲੀ ਵਧਾਉਣ ਲਈ ਬੂਟੇ ਲਗਾਏ ਗਏ। ਇਸ ਮੌਕੇ ਉਨ੍ਹਾਂ ਨੇ ਲੋਕਾਂ ਨੂੰ ਕੁਦਰਤ ਨਾਲ ਜੁੜਨ, ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਵਾਤਾਵਰਨ ਦੀ ਸੰਭਾਲ ਲਈ ਆਪਣਾ ਯੋਗਦਾਨ ਪਾਉਣ ਦਾ ਸੱਦਾ ਦਿੱਤਾ। ਅਮਿਤ ਅਗਰਵਾਲ ਨੇ ਕਿਹਾ ਕਿ ਵਿਸ਼ਵ ਵਾਤਾਵਰਨ ਦਿਵਸ ਸਾਨੂੰ ਇਹ ਯਾਦ ਦਿਵਾਉਂਦਾ ਹੈ ਕਿ ਸਾਫ਼-ਸੁਥਰਾ ਅਤੇ ਸੰਤੁਲਿਤ ਵਾਤਾਵਰਨ ਹੀ ਮਨੁੱਖੀ ਜੀਵਨ ਦੀ ਬੁਨਿਆਦ ਹੈ। ਉਨ੍ਹਾਂ ਕਿਹਾ ਕਿ ਅੱਜ ਪੂਰੀ ਦੁਨੀਆਂ ਵਾਤਾਵਰਨੀ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਜੰਗਲਾਂ ਦੀ ਕਟਾਈ, ਵੱਧਦਾ ਪ੍ਰਦੂਸ਼ਣ, ਧਰਤੀ ਦੇ ਤਾਪਮਾਨ ਵਿਚ ਲਗਾਤਾਰ ਵਾਧਾ ਅਤੇ ਕੁਦਰਤੀ ਸਰੋਤਾਂ ਦੀ ਬੇਤਹਾਸ਼ਾ ਵਰਤੋਂ ਕਾਰਨ ਵਾਤਾਵਰਨ ਦਾ ਸੰਤੁਲਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ।

